10-AUG-PAGE-1.qxd 8/9/2024 9:26 PM Page 1

ਸ਼ਨੀਵਾਰ, 10 ਅਗਸਤ, 2024
26 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 70

ਨਵਾਂ ਜ਼ਮਾਨਾ

DAILY NAWAN ZAMANA • SATURDAY, 10 AUGUST, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

17 ਮਹੀਨਿਆਂ ਬਾਅਦ ਬੰਦਖਲਾਸੀ

ਜ਼ਮਾਨਤੀ ਮਾਮਲਿਆਂ 'ਚ ਅਦਾਲਤਾਂ ਦੇ ਸੇਫ ਗੇਮ ਖੇਡਣ ਤੋਂ ਸੁਪਰੀਮ ਕੋਰਟ ਨਾਰਾਜ਼, ਨਾਗਰਿਕਾਂ ਨੂੰ ਜ਼ਿੰਦਗੀ ਤੇ ਸੁਤੰਤਰਤਾ ਲਈ ਇੱਕ ਤੋਂ ਦੂਜੀ ਅਦਾਲਤ ਤੱਕ ਦੁੜਾਉਂਦੇ ਨਹੀਂ ਰੱਖ ਸਕਦੇ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਦਿੱਲੀ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲਿਆਂ ਵਿਚ 'ਆਪ' ਆਗੂ ਮਨੀਸ਼ ਸਿਸੋਦੀਆ ਨੂੰ ਜ਼ਮਾਨਤ ਦੇ ਦਿੱਤੀ। ਜਸਟਿਸ ਬੀ ਆਰ ਗਵਈ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਨੇ ਕਿਹਾ ਕਿ ਸਿਸੋਦੀਆ 17 ਮਹੀਨਿਆਂ ਤੋਂ ਹਿਰਾਸਤ 'ਚ ਹਨ ਅਤੇ ਮੁਕੱਦਮਾ ਅਜੇ ਸ਼ੁਰੂ ਨਹੀਂ ਹੋਇਆ ਹੈ, ਜਿਸ ਨਾਲ ਉਨ੍ਹਾ ਨੂੰ ਤੇਜ਼ੀ ਨਾਲ ਸੁਣਵਾਈ ਦੇ ਅਧਿਕਾਰ ਤੋਂ ਵਾਂਝਾ ਕੀਤਾ ਗਿਆ ਹੈ। ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਸਿਸੋਦੀਆ ਨੂੰ 10 ਲੱਖ ਰੁਪਏ ਦੇ ਨਿੱਜੀ ਮੁਚੱਲਕੇ ਤੇ ਇੰਨੀ ਹੀ ਰਕਮ ਦੀਆਂ ਦੋ ਜ਼ਮਾਨਤਾਂ ਦੇ ਨਾਲ ਜ਼ਮਾਨਤ 'ਤੇ ਰਿਹਾਅ ਕੀਤਾ ਜਾਵੇ। ਸਿਸੋਦੀਆ ਨੇ ਦਲੀਲ ਦਿੱਤੀ ਸੀ ਕਿ ਈ ਡੀ ਤੇ ਸੀ ਬੀ ਆਈ ਵੱਲੋਂ ਅਕਤੂਬਰ 2023 ਵਿਚ ਮੁਕੱਦਮਾ ਸ਼ੁਰੂ ਕਰਨ ਅਤੇ ਛੇ ਤੋਂ ਅੱਠ ਮਹੀਨਿਆਂ ਵਿਚ ਮੁਕੰਮਲ ਕਰਨ ਦੇ ਭਰੋਸੇ ਦੇ ਬਾਵਜੂਦ ਮੁਕੱਦਮਾ ਅਜੇ ਤਕ ਸ਼ੁਰੂ ਨਹੀਂ ਹੋਇਆ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਜੇ ਵੀ ਆਬਕਾਰੀ ਨੀਤੀ ਮਾਮਲੇ ਵਿਚ ਜੇਲ੍ਹ ਵਿਚ ਹਨ, ਹਾਲਾਂਕਿ ਮਨੀ ਲਾਂਡਰਿੰਗ ਮਾਮਲੇ ਵਿਚ ਉਨ੍ਹਾ ਨੂੰ 12 ਜੁਲਾਈ ਨੂੰ ਜ਼ਮਾਨਤ ਮਿਲ ਗਈ ਸੀ ਪਰ ਸੀ ਬੀ ਆਈ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਸੀ।

ਸੁਪਰੀਮ ਕੋਰਟ ਨੇ ਕਿਹਾ ਕਿ ਟ੍ਰਾਇਲ ਕੋਰਟ ਤੇ ਦਿੱਲੀ ਹਾਈ ਕੋਰਟ ਨੂੰ ਸਿਸੋਦੀਆ ਦੀ ਜ਼ਮਾਨਤ 'ਤੇ ਵਿਚਾਰ ਕਰਦਿਆਂ ਲੰਬੇ ਸਮੇਂ ਤੋਂ ਹਿਰਾਸਤ ਵਿਚ ਰੱਖੇ ਜਾਣ ਬਾਰੇ ਵਿਚਾਰ ਕਰਨਾ ਚਾਹੀਦਾ ਸੀ। ਸੁਪਰੀਮ ਕੋਰਟ ਨੇ ਟ੍ਰਾਇਲ ਕੋਰਟ ਤੇ ਹਾਈ ਕੋਰਟ 'ਤੇ ਤਨਜ਼ ਕਰਦਿਆਂ ਕਿਹਾ—ਉਹ ਸੇਫ ਗੇਮ ਖੇਡਦੀਆਂ ਹਨ ਤੇ ਅਕਸਰ ਦੱਸੇ ਗਏ ਨਿਯਮਾਂ ਨੂੰ ਪਛਾਨਣ ਵਿਚ ਨਾਕਾਮ ਰਹਿੰਦੀਆਂ ਹਨ ਕਿ "ਜ਼ਮਾਨਤ ਇੱਕ ਨਿਯਮ ਹੈ ਤੇ ਜੇਲ੍ਹ ਇਕ ਅਪਵਾਦ ਹੈ"।

ਮਨੀ ਲਾਂਡਰਿੰਗ ਐਕਟ 2002 ਦੀ ਧਾਰਾ 45 ਤਹਿਤ ਸਖਤ ਜ਼ਮਾਨਤ ਸ਼ਰਤਾਂ ਦੇ ਸੰਦਰਭ ਵਿਚ ਸੁਪਰੀਮ ਕੋਰਟ ਨੇ ਕਿਹਾ ਕਿ ਜੇ ਮੁਲਜ਼ਮ ਨੇ ਲੰਬੇ ਸਮੇਂ ਤਕ ਜੇਲ੍ਹ ਦੀ ਸਜ਼ਾ ਕੱਟੀ ਹੈ ਤਾਂ ਇਨ੍ਹਾਂ ਸ਼ਰਤਾਂ ਵਿਚ ਢਿੱਲ ਦਿੱਤੀ ਜਾ ਸਕਦੀ ਹੈ। ਇਸ ਐਕਟ ਤਹਿਤ ਸਬੂਤ ਦਾ ਬੋਝ ਉਲਟ ਦਿੱਤਾ ਜਾਂਦਾ ਹੈ ਤੇ ਮੁਲਜ਼ਮ ਨੂੰ ਇਹ ਸਾਬਤ ਕਰਨਾ ਪੈਂਦਾ ਹੈ ਕਿ ਉਸਨੇ ਪੁੱਢਲੀ ਡਿੱਠੇ ਕੋਈ ਅਪਰਾਧ ਨਹੀਂ ਕੀਤਾ ਹੈ ਤੇ ਜ਼ਮਾਨਤ 'ਤੇ ਰਹਿੰਦਿਆਂ ਉਸ ਵੱਲੋਂ ਕੋਈ ਅਪਰਾਧ ਕਰਨ ਦੀ ਸੰਭਾਵਨਾ ਨਹੀਂ ਹੈ। ਜਸਟਿਸ ਗਵਈ ਨੇ ਕਿਹਾ—ਨੇੜ ਭਵਿੱਖ ਵਿਚ ਮੁਕੱਦਮੇ ਦੇ ਮੁਕੰਮਲ ਹੋਣ ਦੀ ਦੂਰ-ਦੂਰ ਤਕ ਕੋਈ ਸੰਭਾਵਨਾ ਨਹੀਂ ਹੈ। ਅਜਿਹੇ ਵਿਚ ਸਿਸੋਦੀਆ ਨੂੰ ਹਿਰਾਸਤ ਵਿਚ ਰੱਖਣਾ ਉਨ੍ਹਾ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਹੈ। ਸਿਸੋਦੀਆ ਦੇ ਬਾਹਰ ਭੱਜਣ ਦਾ ਖਤਰਾ ਨਹੀਂ ਹੈ, ਕਿਉਂਕਿ ਦੇਸ਼ ਵਿਚ ਉਨ੍ਹਾ ਦੀਆਂ ਡੂੰਘੀਆਂ ਜੜ੍ਹਾਂ ਹਨ।

ਬੈਂਚ ਨੇ ਸਰਕਾਰੀ ਧਿਰ ਦੇ ਦੋ ਇਤਰਾਜ਼ ਰੱਦ ਕਰ ਦਿੱਤੇ। ਪਹਿਲਾ ਇਤਰਾਜ਼ ਇਹ ਸੀ ਕਿ ਸੁਣਵਾਈ ਟ੍ਰਾਇਲ ਕੋਰਟ ਵਿਚ ਹੋਣੀ ਚਾਹੀਦੀ ਹੈ। ਬੈਂਚ ਨੇ ਕਿਹਾ—ਰਾਹਤ ਪਾਉਣ ਲਈ ਨਾਗਰਿਕ ਨੂੰ ਇਕ ਤੋਂ ਦੂਜੀ ਥਾਂ ਦੌੜਨਾ ਨਹੀਂ ਪੈਣਾ ਚਾਹੀਦਾ। ਸਰਕਾਰੀ ਧਿਰ ਦੀ ਦੂਜੀ ਦਲੀਲ ਸੀ ਕਿ ਸਿਸੋਦੀਆ ਵੱਲੋਂ ਵਾਰ-ਵਾਰ ਅਰਜ਼ੀਆਂ ਦੇਣ ਕਾਰਨ ਮੁਕੱਦਮਾ ਸ਼ੁਰੂ ਹੋਣ ਵਿਚ ਦੇਰੀ ਹੋਈ। ਬੈਂਚ ਨੇ ਕਿਹਾ—ਸਾਰੀਆਂ ਅਰਜ਼ੀਆਂ ਨੂੰ ਟ੍ਰਾਇਲ ਕੋਰਟ ਨੇ ਸਵੀਕਾਰ ਕਰ ਲਿਆ ਤੇ ਇਨ੍ਹਾਂ ਵਿਚ ਕੋਈ ਵੀ ਤੁਛ ਨਹੀਂ ਪਾਇਆ।

ਬੈਂਚ ਨੇ ਜ਼ਮਾਨਤ ਦਿੰਦਿਆਂ ਹਦਾਇਤ ਕੀਤੀ ਕਿ ਸਿਸੋਦੀਆ ਸਬੂਤਾਂ ਨਾਲ ਛੇੜਛਾੜ ਨਹੀਂ ਕਰਨਗੇ, ਸੋਮਵਾਰ ਤੇ ਵੀਰਵਾਰ ਪੁਲਸ ਨੂੰ ਰਿਪੋਰਟ ਕਰਿਆ ਕਰਨਗੇ। ਐਡੀਸ਼ਨਲ ਸਾਲੀਸਿਟਰ ਐੱਸ ਵੀ ਰਾਜੂ ਦੇ ਇਸ ਸੁਝਾਅ ਨੂੰ ਬੈਂਚ ਨੇ ਰੱਦ ਕਰ ਦਿੱਤਾ ਕਿ ਸਿਸੋਦੀਆ ਨੂੰ ਦਿੱਲੀ ਸਕੱਤਰੇਤ ਵਿਚ ਜਾਣੋਂ ਰੋਕਿਆ ਜਾਵੇ, ਜਿਵੇਂ ਕੇਜਰੀਵਾਲ ਨੂੰ ਚੋਣਾਂ ਵੇਲੇ ਜ਼ਮਾਨਤ ਦਿੰਦਿਆਂ ਰੋਕਿਆ ਗਿਆ ਸੀ।

ਸੱਚ ਦੀ ਜਿੱਤ : ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਨੀਸ਼ ਸਿਸੋਦੀਆ ਨੂੰ ਜ਼ਮਾਨਤ ਮਿਲਣ ਤੋਂ ਬਾਅਦ ਕਿਹਾ ਕਿ ਮਨੀਸ਼ ਸਿਸੋਦੀਆ ਦੀ ਜ਼ਮਾਨਤ ਸੱਚਾਈ ਦੀ ਜਿੱਤ ਹੈ। ਇਸ ਲਈ ਉਨ੍ਹਾਂ ਨੇ ਸੁਪਰੀਮ ਕੋਰਟ ਦਾ ਵੀ ਧੰਨਵਾਦ ਕੀਤਾ।ਦੂਜੇ ਪਾਸੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਿਸੋਦੀਆ ਲੰਬੇ ਸਮੇਂ ਬਾਅਦ ਝੂਠੇ ਕੇਸ ਤੋਂ ਬਾਹਰ ਆਏ ਹਨ। ਉਨ੍ਹਾ ਕਿਹਾ ਕਿ ਭਾਰਤੀ ਜਨਤਾ ਪਾਰਟੀ ਲਗਾਤਾਰ ਵਿਰੋਧੀ ਪਾਰਟੀਆਂ 'ਤੇ ਝੂਠੇ ਕੇਸ ਦਰਜ ਕਰਕੇ ਜਾਂਚ ਨੂੰ ਜਾਣਬੁੱਝ ਕੇ ਲੰਮਾ ਖਿੱਚ ਰਹੀ ਹੈ।

ਹਿਜਾਬ 'ਤੇ ਰੋਕ ਤਾਂ ਲਾ ਦਿੱਤੀ, ਪਰ ਤਿਲਕ ਨਹੀਂ ਚੇਤੇ ਆਇਆ : ਸੁਪਰੀਮ ਕੋਰਟ ਵੱਲੋਂ ਮੁੰਬਈ ਦੇ ਕਾਲਜ ਦੀ ਖਿਚਾਈ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਹਿਜਾਬ, ਨਿਕਾਬ, ਬੁਰਕਾ, ਟੋਪੀ ਤੇ ਉਸ ਵਰਗੀ ਕੋਈ ਹੋਰ ਚੀਜ਼ ਪਾਉਣ 'ਤੇ ਪਾਬੰਦੀ ਲਾਉਣ ਵਾਲੇ ਮੁੰਬਈ ਦੇ ਚੈਂਬੂਰ ਸਥਿਤ ਐੱਨ ਜੀ ਆਚਾਰੀਆ ਐਂਡ ਡੀ ਕੇ ਮਰਾਠੇ ਕਾਲਜ ਦੇ ਫੈਸਲੇ 'ਤੇ ਸ਼ੁੱਕਰਵਾਰ ਸਟੇਅ ਦਿੰਦਿਆਂ ਕਿਹਾ—ਜੇ ਧਾਰਮਕ ਚਿੰਨ੍ਹਾਂ 'ਤੇ ਰੋਕ ਲਾਉਣੀ ਸੀ ਤਾਂ ਉਸਨੇ ਤਿਲਕ ਤੇ ਬਿੰਦੀ 'ਤੇ ਰੋਕ ਕਿਉਂ ਨਹੀਂ ਲਾਈ?

ਮੁਸਲਮ ਵਿਦਿਆਰਥਣਾਂ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਕਾਲਜ ਦੇ ਹੁਕਮ 'ਤੇ ਅੰਤਰਮ ਰੋਕ ਲਾ ਦਿੱਤੀ। ਬੰਬੇ ਹਾਈ ਕੋਰਟ ਵੱਲੋਂ ਕਾਲਜ ਦੀਆਂ ਹਦਾਇਤਾਂ ਨੂੰ ਸਹੀ ਠਹਿਰਾਉਣ 'ਤੇ ਵਿਦਿਆਰਥਣਾਂ ਨੇ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ। ਕਾਲਜ ਵੱਲੋਂ ਡਰੈੱਸ ਕੋਰਟ ਲਾਗੂ ਕਰਨ ਵਿਰੁੱਧ 9 ਕੁੜੀਆਂ ਹਾਈ ਕੋਰਟ ਪੁੱਜੀਆਂ ਸਨ। ਹਾਈ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਇਹ ਕਹਿੰਦਿਆਂ ਰੱਦ ਕਰ ਦਿੱਤੀ ਸੀ ਕਿ ਕਾਲਜ ਦਾ ਫੈਸਲਾ ਧਰਮ ਸ਼ੋਅ ਕਰਨ ਤੋਂ ਰੋਕਣ ਤੇ ਉਨ੍ਹਾਂ ਦੇ ਸਿਰਫ ਪੜ੍ਹਾਈ ਵੱਲ ਧਿਆਨ ਦੇਣ ਲਈ ਹੈ। ਇਸਤੋਂ ਬਾਅਦ ਵਿਦਿਆਰਥਣਾਂ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਖਲ ਕੀਤੀ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਸੰਜੇ ਕੁਮਾਰ ਦੀ ਬੈਂਚ ਨੇ ਕਾਲਜ ਦੇ ਫੈਸਲੇ 'ਤੇ ਹੈਰਾਨੀ ਜ਼ਾਹਰ ਕੀਤੀ। ਜਦੋਂ ਕਾਲਜ ਦੇ ਵਕੀਲ ਨੇ ਕਿਹਾ ਕਿ ਰੋਕ ਇਸ ਕਰਕੇ ਲਾਈ ਸੀ ਕਿ ਵਿਦਿਆਰਥਣਾਂ ਦੇ ਧਰਮ ਦਾ ਪਤਾ ਨਾ ਲੱਗੇ, ਤਾਂ ਜਸਟਿਸ ਸੰਜੇ ਕੁਮਾਰ ਨੇ ਪੁੱਛਿਆ—ਨਾਂ ਤੋਂ ਨਹੀਂ ਪਤਾ ਲੱਗ ਜਾਂਦਾ ਕਿ ਕੁੜੀ ਕਿਹੜੇ ਧਰਮ ਦੀ ਹੈ? ਕੀ ਤੁਸੀਂ ਉਨ੍ਹਾਂ ਨੂੰ ਕਹੋਗੇ ਕਿ ਆਪਣੀ ਪਛਾਣ ਲਈ ਨੰਬਰ ਦੱਸਿਆ ਕਰੋ? ਤੁਹਾਡਾ ਕਾਲਜ 2008 ਤੋਂ ਚੱਲ ਰਿਹਾ ਹੈ। ਏਨੇ ਸਾਲ ਤੁਹਾਨੂੰ ਰੋਕ ਲਾਉਣ ਦੀ ਸੁੱਝੀ ਨਹੀਂ ਤੇ ਅਚਾਨਕ ਸੁੱਝ ਗਈ ਕਿ ਕੋਈ ਧਰਮ ਵੀ ਹੁੰਦਾ ਹੈ। ਇਹ ਮੰਦਭਾਗਾ ਹੈ।

ਜਸਟਿਸ ਖੰਨਾ ਨੇ ਕਿਹਾ—ਕੀ ਤੁਸੀਂ ਕਹੋਗੇ ਕਿ ਤਿਲਕ ਲਾਉਣ ਵਾਲੇ ਨੂੰ ਕਾਲਜ ਵਿਚ ਵੜਨ ਨਹੀਂ ਦਿੱਤਾ ਜਾਵੇਗਾ? ਤੁਸੀਂ ਆਪਣੀਆਂ ਹਦਾਇਤਾਂ ਵਿਚ ਇਸਦਾ ਜ਼ਿਕਰ ਨਹੀਂ ਕੀਤਾ। ਤੁਸੀਂ ਕੁੜੀਆਂ ਨੂੰ ਕਿਵੇਂ ਤਾਕਤਵਰ ਕਰ ਰਹੇ ਹੋ, ਇਹ ਕਹਿ ਕੇ ਕਿ ਤੁਸੀਂ ਕੀ ਪਹਿਨਣਾ ਹੈ? ਬਦਕਿਸਮਤੀ ਦੀ ਗੱਲ ਹੈ ਕਿ ਆਜ਼ਾਦੀ ਦੇ ਕਈ ਸਾਲ ਬਾਅਦ ਤੁਸੀਂ ਕਹਿ ਰਹੇ ਹੋ ਕਿ ਇਸ ਦੇਸ਼ ਵਿਚ ਧਰਮ ਹੈ। ਕੋਰਟ ਨੇ ਕਾਲਜ ਦੇ ਵਕੀਲ ਦੀ ਇਸ ਦਲੀਲ ਨਾਲ ਸਹਿਮਤੀ ਪ੍ਰਗਟਾਈ ਕਿ ਨਕਾਬ ਤੇ ਬੁਰਕੇ ਨਾਲ ਗੱਲਬਾਤ ਕਰਨ ਵਿਚ ਮੁਸ਼ਕਲ ਹੁੰਦੀ ਹੈ ਪਰ ਕਿਹਾ ਕਿ ਜਮਾਤ ਵਿਚ ਨਕਾਬ ਨਾ ਪਾਉਣ ਲਈ ਕਿਹਾ ਜਾ ਸਕਦਾ ਹੈ, ਬਾਹਰ ਨਹੀਂ। ਕੁੜੀਆਂ ਦੇ ਪਰਿਵਾਰਕ ਪਿਛੋਕੜ ਦਾ ਵੀ ਧਿਆਨ ਰੱਖਣਾ ਪੈਣਾ ਹੈ।

ਸਾਂਝੀਆਂ ਮਾਵਾਂ

ਨਵੀਂ ਦਿੱਲੀ : ਪੈਰਿਸ ਉਲੰਪਿਕ ਵਿਚ ਚਾਂਦੀ ਦਾ ਤਮਗਾ ਜਿੱਤਣ ਵਾਲੇ ਨੀਰਜ ਚੋਪੜਾ ਦੀ ਮਾਤਾ ਸਰੋਜ ਦੇਵੀ ਨੇ ਨੀਰਜ ਵੱਲੋਂ ਚਾਂਦੀ ਅਤੇ ਪਾਕਿਸਤਾਨ ਦੇ ਖਿਡਾਰੀ ਅਰਸ਼ਦ ਨਦੀਮ ਦੇ ਸੋਨੇ ਦਾ ਤਮਗਾ ਜਿੱਤਣ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ—ਅਸੀਂ ਚਾਂਦੀ ਦੇ ਤਮਗੇ ਨਾਲ ਖੁਸ਼ ਹਾਂ, ਜਿਸ ਨੇ ਸੋਨ ਤਗਮਾ ਜਿੱਤਿਆ ਹੈ, ਉਹ ਵੀ ਸਾਡਾ ਬੱਚਾ ਹੈ। ਸਾਰੇ ਅਥਲੀਟ ਹਨ ਅਤੇ ਸਖਤ ਮਿਹਨਤ ਕਰਦੇ ਹਨ। ਉਧਰ, ਅਰਸ਼ਦ ਦੀ ਮਾਂ ਰਜ਼ੀਆ ਪ੍ਰਵੀਨ ਨੇ ਕਿਹਾ—ਨੀਰਜ ਮੇਰੇ ਬੇਟੇ ਕਾ ਦੋਸਤ ਭੀ ਹੈ ਔਰ ਭਾਈ ਭੀ ਹੈ। ਮੈਂ ਦੋਨੋਂ ਕੇ ਲਿਏ ਦੁਆਏਂ ਕਰ ਰਹੀ ਥੀ। ਹਾਰ ਜੀਤ ਤੋ ਕਿਸਮਤ ਕੀ ਬਾਤ ਹੈ।

ਕਮਲਾ ਹੈਰਿਸ ਨੇ ਲੀਡ ਲਈ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਡੈਮੋਕ੍ਰੇਟ ਉਮੀਦਵਾਰ ਕਮਲਾ ਹੈਰਿਸ ਨੇ ਚੋਣ ਸਰਵੇ ਵਿਚ ਆਪਣੇ ਰਿਪਬਲੀਕਨ ਮੁਕਾਬਲੇਬਾਜ਼ ਡੋਨਾਲਡ ਟਰੰਪ 'ਤੇ ਬੜ੍ਹਤ ਬਣਾ ਲਈ ਹੈ। ਇਪਸੋਸ ਦੇ ਸਰਵੇ ਵਿਚ ਕਮਲਾ ਨੂੰ ਜਿੱਥੇ 42 ਫੀਸਦ ਲੋਕ ਰਾਸ਼ਟਰਪਤੀ ਵਜੋਂ ਦੇਖਣਾ ਚਾਹੁੰਦੇ ਹਨ, ਉਥੇ ਟਰੰਪ 37 ਫੀਸਦ ਲੋਕਾਂ ਦੀ ਪਸੰਦ ਰਹੇ। ਕਮਲਾ ਦਾ ਸਮਰਥਨ ਲਗਾਤਾਰ ਵੱਧਦਾ ਜਾ ਰਿਹਾ ਹੈ। ਇਸੇ ਦੌਰਾਨ ਟਰੰਪ ਤੇ ਕਮਲਾ ਏ ਬੀ ਸੀ 'ਤੇ 10 ਸਤੰਬਰ ਨੂੰ ਪ੍ਰੈਜ਼ੀਡੈਂਸ਼ੀਅਲ ਬਹਿਸ ਵਿਚ ਹਿੱਸਾ ਲੈਣ 'ਤੇ ਸਹਿਮਤ ਹੋ ਗਏ ਹਨ। ਟਰੰਪ ਇਸ ਤੋਂ ਇਲਾਵਾ ਐੱਨ ਬੀ ਸੀ 'ਤੇ ਚਾਰ ਤੇ 25 ਸਤੰਬਰ ਨੂੰ ਵੀ ਬਹਿਸ ਚਾਹੁੰਦੇ ਹਨ।

ਇਸ ਤੋਂ ਪਹਿਲਾਂ 22-23 ਜੁਲਾਈ ਨੂੰ ਰਾਇਟਰ/ਇਪਸੋਸ ਦੇ ਸਰਵੇ ਵਿਚ ਹੈਰਿਸ ਨੂੰ 37 ਫੀਸਦ ਲੋਕਾਂ ਨੇ ਪਸੰਦ ਕੀਤਾ ਸੀ ਜਦਕਿ ਟਰੰਪ ਨੂੰ 34 ਫੀਸਦ ਲੋਕਾਂ ਦਾ ਸਮਰਥਨ ਮਿਲਿਆ। ਕੌਮੀ ਪੱਧਰ 'ਤੇ ਦੋ ਤੋਂ ਸੱਤ ਅਗਸਤ ਵਿਚਾਲੇ ਹੋਏ ਤਾਜ਼ਾ ਸਰਵੇ ਵਿਚ 2045 ਵੋਟਰਾਂ ਨੇ ਹਿੱਸਾ ਲਿਆ। ਸਰਵੇ ਮੁਤਾਬਕ ਚਾਰ ਫੀਸਦ ਲੋਕਾਂ ਨੇ ਆਜ਼ਾਦ ਉਮੀਦਵਾਰ ਰਾਬਰਟ ਕੈਨੇਡੀ ਜੂਨੀਅਰ ਦਾ ਵੀ ਸਮਰਥਨ ਕੀਤਾ, ਜੁਲਾਈ ਤੱਕ ਉਨ੍ਹਾ ਨੂੰ 10 ਫੀਸਦ ਜਨਤਾ ਦੀ ਹਮਾਇਤ ਹਾਸਲ ਸੀ।

'ਹਰ ਸ਼ੁੱਕਰਵਾਰ, ਡੇਂਗੂ ਉੱਤੇ ਵਾਰ' ਮੁਹਿੰਮ ਦਾ ਆਗਾਜ਼

ਚੰਡੀਗੜ੍ਹ (ਗੁਰਜੀਤ ਬਿੱਲਾ)

ਸੂਬੇ ਵਿੱਚ ਡੇਂਗੂ ਦੇ ਫੈਲਾਅ ਨੂੰ ਰੋਕਣ ਦੇ ਉਦੇਸ਼ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੱਥੇ 'ਹਰ ਸ਼ੁੱਕਰਵਾਰ, ਡੇਂਗੂ ਉੱਤੇ ਵਾਰ' ਮੁਹਿੰਮ ਦੀ ਸ਼ੁਰੂਆਤ ਕੀਤੀ।ਇਸ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਵਿੱਚ ਡੇਂਗੂ ਅਤੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਹੋਰ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਵਚਨਬੱਧ ਹੈ ਜਿਸ ਤਹਿਤ ਇਹ ਮੁਹਿੰਮ ਚਲਾਈ ਗਈ ਹੈ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਮਈ ਮਹੀਨੇ ਤੋਂ ਬ੍ਰੀਡਿੰਗ ਚੈਕਿੰਗ ਸਬੰਧੀ ਬਾਕਾਇਦਾ ਮੁਹਿੰਮ ਵਿੱਢੀ ਹੋਈ ਹੈ, ਜਿਸ ਤਹਿਤ ਮਈ ਅਤੇ ਜੂਨ ਮਹੀਨੇ ਵਿੱਚ 300 ਬ੍ਰੀਡਿੰਗ ਚੈੱਕਰ ਭਰਤੀ ਕੀਤੇ ਗਏ ਸਨ, ਜਿਨ੍ਹਾਂ ਦੀ ਗਿਣਤੀ ਜੁਲਾਈ ਮਹੀਨੇ ਵਿੱਚ ਵਧਾ ਕੇ 1200 ਕਰ ਦਿੱਤੀ ਗਈ ਹੈ।ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਇਸ ਬਿਮਾਰੀ ਪ੍ਰਤੀ ਜਾਗਰੂਕ ਕਰਨ ਲਈ ਇਹ ਜਨ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਡੇਂਗੂ ਦੇ ਮੁਕੰਮਲ ਖ਼ਾਤਮੇ ਲਈ ਸੂਬੇ ਦੇ ਪ੍ਰਮੁੱਖ ਵਿਭਾਗਾਂ ਜਿਵੇਂ ਕਿ ਸਥਾਨਕ ਸਰਕਾਰਾਂ, ਪੇਂਡੂ ਵਿਭਾਗ, ਸਿੱਖਿਆ ਅਤੇ ਹੋਰਨਾਂ ਵਿਭਾਗਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ।ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਡੇਂਗੂ ਦੇ ਫੈਲਾਅ ਨੂੰ ਰੋਕਣ ਲਈ ਇਹ ਮੁਹਿੰਮ ਮੱਛਰਾਂ ਦੇ ਮੁਕੰਮਲ ਖ਼ਾਤਮੇ 'ਤੇ ਕੇਂਦਰਤ ਹੋਣੀ ਚਾਹੀਦੀ ਹੈ।ਉਨ੍ਹਾਂ ਨੇ ਲੋਕਾਂ ਨੂੰ ਡੇਂਗੂ ਵਿਰੁੱਧ ਡਟਣ ਦਾ ਸੱਦਾ ਦਿੰਦਿਆਂ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਵੱਲੋਂ ਡੇਂਗੂ ਦੇ ਫੈਲਾਅ ਨੂੰ ਰੋਕਣ ਸਬੰਧੀ ਇਸ ਮੁਹਿੰਮ ਦੀ ਸਫ਼ਲਤਾ ਲਈ ਜੰਗੀ ਪੱਧਰ 'ਤੇ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਨੇ ਸਿਹਤ ਵਿਭਾਗ ਨੂੰ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਫੌਗਿੰਗ ਗਤੀਵਿਧੀਆਂ ਨੂੰ ਤੇਜ਼ ਕਰਨ ਵਾਸਤੇ ਪੁਖ਼ਤਾ ਪ੍ਰਬੰਧ ਕਰਨ ਦੇ ਨਾਲ-ਨਾਲ ਮੱਛਰਾਂ

10-AUG-PAGE-1.qxd 8/9/2024 9:27 PM Page 2

ਤੀਆਂ ਦੇ ਮੇਲੇ ਸਾਡੇ ਪੁਰਾਤਨ ਸੱਭਿਆਚਾਰਕ ਵਿਰਸੇ ਦਾ ਅਹਿਮ ਅੰਗ : ਜੱਸੀ ਸੋਹੀਆਂਵਾਲਾ

ਨਾਭਾ (ਵਰਿੰਦਰ ਵਰਮਾ)-ਸਰੈਣਦਾਸ ਕਲੋਨੀ 'ਚ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਰੇਨੂੰ ਰਾਣੀ ਅਤੇ ਸੁਮਨ ਰਾਣੀ ਦੀ ਅਗਵਾਈ ਹੇਠ ਤੀਆਂ ਦੇ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪਿੰਡ ਦੀਆਂ ਧੀਆਂ-ਭੈਣਾਂ ਨੇ ਆਪਣੇ ਬਚਪਨ ਦੀਆਂ ਸਹੇਲੀਆਂ ਨਾਲ ਤੀਆਂ ਮਨਾਈਆਂ।ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋ ਕੇ ਰੀਬਨ ਕੱਟ ਕੇ ਇਸ ਮੇਲੇ ਦਾ ਉਦਘਾਟਨ ਕੀਤਾ ਅਤੇ ਵਧਾਈ ਦਿੱਤੀ।ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਮੁੜ ਤੋ ਤੀਆਂ ਦੇ ਮੇਲੇ ਲੱਗਣੇ ਸ਼ੁਰੂ ਹੋਏ ਹਨ, ਜੋ ਪਹਿਲਾਂ ਲਗਭਗ ਅਲੋਪ ਹੀ ਹੋ ਚੁੱਕੇ ਸਨ।ਉਨ੍ਹਾਂ ਕਿਹਾ ਕਿ ਤੀਆਂ ਦੇ ਮੇਲੇ ਸਾਡੇ ਸੱਭਿਆਚਾਰਾ ਦਾ ਮੁੱਖ ਅੰਗ ਹਨ, ਜਿਥੇ ਪਿੰਡ ਦੀਆਂ ਧੀਆਂ ਭੈਣਾਂ ਆਪਣੇ ਸਹੁਰੇ ਘਰ ਤੋਂ ਪੇਕੇ ਪਿੰਡ ਆ ਕੇ ਇਕੱਠੀਆਂ ਹੁੰਦੀਆਂ ਹਨ ਅਤੇ ਗੀਤ ਗਾਉਂਦੀਆਂ ਹਨ ਤੇ ਇਕ ਦੂਜੇ ਨਾਲ ਬੈਠ ਕੇ ਦੁੱਖ-ਸੁੱਖ ਕਰਦੀਆਂ ਹਨ। ਪਿੰਡ ਦੀਆਂ ਕੁੜੀਆਂ ਵੱਲੋਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਪਤਨੀ ਹਰਜੀਤ ਕੌਰ, ਮਾ. ਸਤਪਾਲ ਸਿੰਘ ਚੌਹਾਨ ਹੈੱਡ ਟੀਚਰ, ਕੁਲਵਿੰਦਰ ਕੌਰ, ਕਲੱਬ ਪ੍ਰਧਾਨ ਅਕਾਸ਼ ਕੁਮਾਰ ਗੋਲੂ ਤੇ ਅਮਰੀਕ ਸਿੰਘ ਪੰਚ ਆਦਿ ਵੀ ਮੌਜੂਦ ਸਨ।

ਬੀ ਏ ਭਾਗ ਦੂਜਾ ਸਮੈਸਟਰ-4 ਦਾ ਨਤੀਜਾ ਰਿਹਾ ਸ਼ਾਨਦਾਰ

ਮਲੋਟ (ਗੁਰਮੀਤ ਸਿੰਘ ਮੱਕੜ)-ਸੀ.ਜੀ.ਐਮ ਕਾਲਜ ਮੋਹਲਾਂ ਦੇ ਵਿਦਿਆਰਥੀਆਂ ਨੇ ਮਈ-2024 ਦੀ ਪ੍ਰੀਖਿਆ ਵਿੱਚ ਬੀ.ਏ ਭਾਗ ਦੂਜੇ ਸਮੈਸਟਰ-4 ਦੇ ਨਤੀਜੇ ਚ ਸ਼ਾਨਦਾਰ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਕਾਲਜ ਵਿੱਚ ਵਿਦਿਆਰਥਣ ਅਰਸ਼ਪ੍ਰੀਤ ਨੇ 81.50 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਗਗਨਦੀਪ ਕੌਰ ਨੇ 81.25 ਫ਼ੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਤੇ ਮਨਪ੍ਰੀਤ ਨੇ 79.25 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਇਨ੍ਹਾਂ ਵਿਦਿਆਰਥੀਆਂ ਦੀ ਕਾਮਯਾਬੀ ਪਿੱਛੇ ਸਿਹਰਾ ਯੋਗ ਅਧਿਆਪਕਾਂ, ਵਿਦਿਆਰਥੀਆਂ ਦੀ ਮਿਹਨਤ ਅਤੇ ਸੰਸਥਾ ਚਲਾਉਣ ਵਾਲੀ ਮੈਨੇਜਮੈਂਟ ਦਾ ਹੱਥ ਹੈ। ਕਾਲਜ ਚੇਅਰਮੈਨ ਸੱਤਪਾਲ ਮੋਹਲਾਂ ਨੇ ਕਾਲਜ ਦਾ ਅਜਿਹਾ ਸ਼ਾਨਦਾਰ ਨਤੀਜਾ ਆਉਣ ਤੇ ਸਮੂਹ ਕਾਲਜ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਮੈਨੇਜਮੈਂਟ ਕਮੇਟੀ ਮੈਂਬਰ ਨਵਜੀਤ ਮੋਹਲਾਂ, ਜਗਤਾਰ ਬਰਾੜ, ਰਾਜ ਕੁਮਾਰ ਨੇ ਵਿਦਿਆਰਥੀਆਂ ਦੀਆਂ ਇਨ੍ਹਾਂ ਪ੍ਰਾਪਤੀਆਂ 'ਤੇ ਮਾਣ ਮਹਿਸੂਸ ਕੀਤਾ।

ਦੂਸ਼ਿਤ ਪਾਣੀ ਨਾਲ ਹੁੰਦੀਆਂ ਹੈਜ਼ਾ, ਦਸਤ ਤੇ ਹੈਪੇਟਾਈਟਸ ਵਰਗੀਆਂ ਬਿਮਾਰੀਆਂ : ਡਾ. ਰੇਖਾ

ਮਮਦੋਟ (ਜਸਬੀਰ ਸਿੰਘ ਕੰਬੋਜ)-ਪੰਜਾਬ ਸਰਕਾਰ ਵੱਲੋਂ ਮਨਸੂਨ ਸੀਜ਼ਨ ਦੀ ਆਮਦ ਨੂੰ ਵੇਖਦੇ ਸੂਬੇ ਦੇ ਵਸਨੀਕਾਂ ਨੂੰ ਦੂਸ਼ਿਤ ਪਾਣੀ ਨਾਲ ਹੋਣ ਵਾਲੇ ਰੋਗਾਂ ਤੋ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾਕਟਰ ਰੇਖਾ ਮੈਡੀਕਲ ਅਫਸਰ ਕਮਿਊਨਟੀ ਹੈਲਥ ਸੈਂਟਰ ਨੇ ਆਸ਼ਾ ਵਰਕਰਾਂ ਨੂੰ ਦੂਸ਼ਿਤ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਉਣ ਲਈ ਹਰ ਸੰਭਵ ਕਦਮ ਚੱਕਣ ਸੰਬੰਧੀ ਨਿਰਦੇਸ਼ ਜਾਰੀ ਕਰਦਿਆਂ ਆਪਣੇ ਸੰਬੋਧਨ ਦੌਰਾਨ ਕੀਤਾ। ਡਾਕਟਰ ਰੇਖਾ ਨੇ ਕਿਹਾ ਕਿ ਗਰਮੀ ਅਤੇ ਬਰਸਾਤ ਦੇ ਮੌਸਮ ਦੌਰਾਨ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਜਿਵੇ ਹੈਜ਼ਾ, ਦਸਤ ਰੋਗ, ਹੈਪਿਟਾਈਟਸ ਏ ਤੇ ਈ ਆਦਿ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਇਸ ਤੋਂ ਬਚਾਅ ਲਈ ਜਾਗਰੂਕ ਹੋਣ ਦੇ ਨਾਲ ਨਾਲ ਪੀਣ ਵਾਲੇ ਸਾਫ ਪਾਣੀ ਦੀ ਵਰਤੋਂ ਕਰਨੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਮੌਸਮ ਵਿੱਚ ਪਾਣੀ ਉਬਾਲ ਕੇ ਪੀਣਾ ਚਾਹੀਦਾ ਹੈ ਅਤੇ ਪੀਣ ਦਾ ਪਾਣੀ ਸਾਫ਼ ਭਾਂਡੇ ਵਿੱਚ ਢੱਕ ਕੇ ਰੱਖਣਾ ਚਾਹੀਦਾ ਹੈ।ਟੋਭਿਆਂ ਨੇੜੇ ਲੱਗੇ ਨਲਕਿਆਂ ਦਾ ਪਾਣੀ ਨਹੀਂ ਪੀਣਾ ਚਾਹੀਦਾ, ਕਿਉਂਕਿ ਇਸ ਨਾਲ ਬੀਮਾਰੀਆਂ ਦਾ ਖ਼ਤਰਾ ਵਧ ਜਾਂਦਾ ਹੈ। ਆਸ਼ਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਨੇਹਾ ਭੰਡਾਰੀ ਡਿਪਟੀ ਮਾਸ ਮੀਡੀਆ ਅਫ਼ਸਰ ਤੇ ਅਮਰਜੀਤ ਸਿੰਘ ਬੀ.ਈ.ਈ ਨੇ ਕਿਹਾ ਕਿ ਖੁੱਲ੍ਹੇ ਮੈਦਾਨ ਵਿੱਚ ਜੰਗਲ ਪਾਣੀ ਨਹੀਂ ਜਾਣਾ ਚਾਹੀਦਾ ਅਤੇ ਸਿਰਫ ਪਖਾਨੇ ਦੀ ਵਰਤੋਂ ਕਰਨੀ ਚਾਹੀਦੀ ਹੈ।ਪਖਾਨਾ ਜਾਣ ਤੋਂ ਬਾਅਦ ਤੇ ਖਾਣਾ ਖਾਣ ਤੋਂ ਪਹਿਲਾਂ ਹੱਥ ਜ਼ਰੂਰ ਧੋਵੋ।

ਦਾਸ ਤੇ ਬਰਾਊਨ ਸਕੂਲ ਦੇ ਵਿਦਿਆਰਥੀਆਂ ਸਿੱਖੇ ਬੇਸਿਕ ਲਾਈਫ ਸਪੋਰਟ ਦੇ ਗੁਣ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਮੁਸ਼ਕਲ ਪ੍ਰਸਥਿਤੀਆਂ 'ਚ ਵਿਦਿਆਰਥੀਆਂ ਨੂੰ ਬਨਾਵਟੀ ਸਾਹ ਲੈਣ ਬਾਰੇ ਜਾਗਰੂਕ ਕਰਨ ਦੇ ਮਕਸਦ ਨਾਲ ਦਾਸ ਤੇ ਬਰਾਊਨ ਵਰਲਡ ਸਕੂਲ ਵਿਖੇ ਬੇਸਿਕ ਲਾਈਫ ਸਪੋਰਟ ਤੇ ਕਾਰਡੀਓਪਲਮੋਨਰੀ ਰੀਸਸੀਟੇਸ਼ਨ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 159 ਆਰਮੀ ਜਨਰਲ ਹਸਪਤਾਲ ਤੋਂ ਮੇਜਰ ਡਾ. ਰਾਜੇਸ਼ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਸਕੂਲ ਦੀ ਗਿਆਰਵੀ ਜਮਾਤ ਦੇ ਵਿਦਿਆਰਥੀਆਂ ਨੂੰ ਬਨਾਵਟੀ ਸਾਹ ਲੈਣ ਤੇ ਮਨੁੱਖੀ ਜੀਵਨ ਨੂੰ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਹੋਰ ਤਕਨੀਕਾਂ ਬਾਰੇ ਦੱਸਿਆ। ਡਾ. ਰਾਜੇਸ਼ ਨੇ ਓਸਮਾਨੀਆ ਯੂਨੀਵਰਸਿਟੀ ਹੈਦਰਾਬਾਦ ਤੋਂ ਐੱਮ ਬੀ ਬੀ ਐੱਸ ਤੇ ਪੁਣੇ ਤੋਂ ਐੱਮ ਡੀ ਐਨਸਥੀਸੀਆ ਕੀਤੀ ਹੈ। ਉਨ੍ਹਾਂ ਦੱਸਿਆ ਕਿ ਦਿਲ ਦਾ ਦੌਰਾ ਪੈਣ ਜਾਂ ਸਾਹ ਬੰਦ ਹੋਣ ਦੀ ਸੂਰਤ ਵਿੱਚ ਜਦੋਂ ਮਰੀਜ਼ ਨੂੰ ਡਾਕਟਰ ਕੋਲ ਲਿਜਾਣ ਵਿੱਚ ਸਮਾਂ ਲੱਗਦਾ ਹੈ ਤਾਂ ਉਸ ਸਥਿਤੀ ਵਿੱਚ ਮਰੀਜ਼ ਨੂੰ ਨਕਲੀ ਸਾਹ ਦੇ ਕੇ ਬਚਾਇਆ ਜਾ ਸਕਦਾ ਹੈ। ਪ੍ਰਿੰਸੀਪਲ ਡਾ. ਰਾਜੇਸ਼ ਚੰਦੇਲ ਨੇ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਡੀਜੀਐੱਮ ਡਾ. ਸਾਲਿਨ, ਵੀ ਪੀ ਸੀਨੀਅਰ ਸੈਕੰਡਰੀ ਨੀਸ਼ੂ ਅਗਰਵਾਲ ਤੇ ਹੋਰ ਹਾਜ਼ਰ ਸਨ।

ਸਮਤਾ ਬਿਊਟੀ ਪਾਰਲਰ ਐਂਡ ਇੰਟਰਨੈਸ਼ਨਲ ਅਕੈਡਮੀ ਨੇ ਤੀਆਂ ਮਨਾਈਆਂ

ਭਗਤਾ ਭਾਈ ਕਾ (ਰਾਜੀਵ ਗੋਇਲ)-ਸਥਾਨਕ ਸ਼ਹਿਰ ਤੇ ਇਲਾਕੇ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲੀ ਅਤੇ ਸੈਂਕੜੇ ਧੀਆਂ ਨੂੰ ਰੁਜ਼ਗਾਰ ਮਹੱਈਆ ਕਰਵਾਉਣ ਵਾਲੀ ਸੰਸਥਾ 'ਸਮਤਾ ਬਿਊਟੀ ਪਾਰਲਰ ਐਂਡ ਇੰਟਰਨੈਸ਼ਨਲ ਅਕੈਡਮੀ' ਵੱਲੋਂ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਸੈਂਟਰ ਸੰਚਾਲਕ ਮੋਨਿਕਾ ਬਜਾਜ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸੈਂਟਰ 'ਤੇ ਕੰਮ ਸਿੱਖ ਰਹੀਆਂ ਲੜਕੀਆਂ ਨਾਲ ਰਲ ਕੇ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਪੰਜਾਬੀ ਸੱਭਿਆਚਾਰ ਪਹਿਰਾਵੇ ਵਿੱਚ ਮੁਟਿਆਰਾਂ ਵੱਲੋਂ ਖੂਬ ਆਨੰਦ ਮਾਣਿਆ ਗਿਆ। ਇਸ ਮੌਕੇ ਸੈਂਟਰ ਦੀਆਂ ਸਮੂਹ ਮੁਟਿਆਰਾਂ ਹਾਜ਼ਰ ਸਨ।

ਮਾਲਵਾ ਕਾਲਜ 'ਚ ਮਨਾਇਆ ਵਣ-ਮਹਾਂਉਤਸਵ

ਸਮਰਾਲਾ (ਸੁਰਜੀਤ ਸਿੰਘ)-ਮਾਲਵਾ ਕਾਲਜ ਬੌਂਦਲੀ-ਸਮਰਾਲਾ ਵਿਖੇ ਵਣ ਵਿਭਾਗ ਦੇ ਸਹਿਯੋਗ ਨਾਲ ਐਨ.ਐਸ.ਐਸ ਯੂਨਿਟ ਦੇ ਵਲੰਟੀਅਰ ਦੁਆਰਾ ਵਣ ਮਹਾਂਉਤਸਵ ਮਨਾਇਆ ਗਿਆ। ਕਾਲਜ ਵਿੱਚ ਵੱਖ-ਵੱਖ ਤਰ੍ਹਾਂ ਦੇ ਪੌਦੇ ਲਾਏ ਗਏ, ਜੋ ਗੁਰੂ ਨਾਨਕ ਬਗੀਚੀ ਦੇ ਨਾਂਅ ਨਾਲ ਜਾਣਿਆ ਜਾਵੇਗਾ।ਮਾਲਵਾ ਕਾਲਜ ਬੌਂਦਲੀ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਵਿਦਿਆਰਥੀਆਂ ਨੂੰ ਇਸ ਮੁਹਿੰਮ ਵਿੱਚ ਭਾਗ ਲੈਣ ਲਈ ਉਤਸ਼ਾਹਤ ਕੀਤਾ ਤਾਂ ਜੁ ਵਾਤਾਵਰਣ ਵਿੱਚ ਪ੍ਰਦੂਸ਼ਣ ਨੂੰ ਘਟਾਇਆ ਜਾ ਸਕੇ ਅਤੇ ਵਾਤਾਵਰਣ ਸ਼ੁੱਧ ਹੋ ਸਕੇ।ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਹਰਿੰਦਰ ਕੌਰ ਨੇ ਕਿਹਾ ਕਿ ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣਾ ਚਾਹੀਦਾ ਹੈ।ਕਾਲਜ ਵਿੱਚ ਜੋ ਗੁਰੂ ਨਾਨਕ ਬਗੀਚੀ ਲਗਾਈ ਗਈ ਹੈ, ਇਹ ਵਿਦਿਆਰਥੀਆਂ ਦੀ ਚੰਗੀ ਪਹਿਲ ਹੈ। ਇਸ ਤਰ੍ਹਾਂ ਵਿਦਿਆਰਥੀ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਲਈ ਸੁਚੇਤ ਹੋਣਗੇ ਤੇ ਅੱਗੇ ਤੋਂ ਵੀ ਐਨ.ਐਸ.ਐਸ ਯੂਨਿਟ ਤੋਂ ਅਜਿਹੇ ਉਤਸਵ ਮਨਾਉਂਦੇ ਰਹਿਣ ਦੀ ਆਸ ਕਰਦੇ ਹਾਂ।ਇਸ ਮੌਕੇ ਐਨ.ਐਸ.ਐਸ ਯੂਨਿਟ ਦੇ ਕੋਆਰਡੀਨੇਟਰ ਸ੍ਰੀਮਤੀ ਪ੍ਰਦੀਪ ਕੌਰ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਰੁੱਖ ਲਾਉਣ ਲਈ ਕਿਹਾ।

ਧੀਆਂ-ਭੈਣਾਂ ਨੂੰ ਰੱਖੜੀ ਮੌਕੇ ਦਿੱਤੀ ਜਾਵੇਗੀ ਵੱਡੀ ਸੌਗਾਤ : ਬਲਜੀਤ ਕੌਰ

'ਤੀਆਂ ਤੀਜ ਦੀਆਂ' ਮੇਲੇ 'ਚ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰ ਵਰਗ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕੀਤਾ ਜਾ ਰਿਹਾ ਹੈ।ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਧੀਆਂ-ਭੈਣਾਂ ਨੂੰ ਰੱਖੜੀ ਮੌਕੇ ਵੱਡੀ ਸੌਗਾਤ ਵੀ ਦਿੱਤੀ ਜਾਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵੱਲੋਂ ਆਮ ਖਾਸ ਬਾਗ ਵਿਖੇ ਕਰਵਾਏ 'ਤੀਆਂ ਤੀਜ ਦੀਆਂ' ਮੇਲੇ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਕੀਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਸਭ ਤੋਂ ਨੇੜੇ ਦਾ ਰਿਸ਼ਤਾ ਮਾਵਾਂ ਤੇ ਧੀਆਂ ਦਾ ਰਿਸ਼ਤਾ ਹੁੰਦਾ ਹੈ।ਸਾਡੇ ਲੋਕ ਗੀਤਾਂ ਤੇ ਬੋਲੀਆਂ ਵਿੱਚੋਂ ਇਸ ਰਿਸ਼ਤੇ ਦੀ ਮਹਿਕ ਆਉਂਦੀ ਹੈ। ਜਦੋਂ ਧੀਆਂ ਦਾ ਵਿਛੋੜਾ ਪੈਂਦਾ ਹੈ ਤਾਂ ਸਭ ਤੋਂ ਵੱਧ ਸੱਟ ਮਾਵਾਂ ਨੂੰ ਹੀ ਵੱਜਦੀ ਹੈ।ਉਨ੍ਹਾ ਕਿਹਾ ਕਿ ਪੰਜਾਬ ਦੀਆਂ ਧੀਆਂ ਨੇ ਘਰਾਂ ਦੀਆਂ ਚਾਰਦੀਵਾਰੀਆਂ ਵਿੱਚੋਂ ਨਿਕਲ ਕੇ ਆਪਣਾ ਤੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ।ਪੰਜਾਬ ਦੇ ਇਤਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਦੀਆਂ ਧੀਆਂ-ਭੈਣਾਂ ਲਈ ਬਜਟ ਵਿੱਚ ਉਚੇਚਾ ਹਿੱਸਾ ਰੱਖਿਆ ਹੋਵੇ।ਡਾ. ਬਲਜੀਤ ਕੌਰ ਨੇ ਕਿਹਾ ਕਿ ਵਿਭਾਗ ਦੀਆਂ ਸਕੀਮਾਂ ਦਾ ਲਾਭ ਲੈਣ ਬਾਬਤ ਜੇਕਰ ਕੋਈ ਦਿੱਕਤ ਆਉਂਦੀ ਹੈ ਤਾਂ ਫੌਰੀ ਅਧਿਕਾਰੀਆਂ ਦੇ ਧਿਆਨ ਲਿਆਂਦੀ ਜਾਵੇ, ਹਰ ਮੁਸ਼ਕਲ ਫੌਰੀ ਦੂਰ ਕੀਤੀ ਜਾਵੇਗੀ।ਸਮਾਗਮ ਨੂੰ ਸੰਬੋਧਨ ਕਰਦਿਆਂ ਹਲਕਾ ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਇਸ ਮੇਲੇ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਧਾਈ ਦਿੱਤੀ।ਇਸ ਮੌਕੇ ਕਰਵਾਏ 'ਬੇਬੀ ਤੀਜ' ਮੁਕਾਬਲੇ ਵਿੱਚ ਪਹਿਲਾ ਸਥਾਨ ਮਨਸਿਮਰ ਕੌਰ, ਦੂਜਾ ਸਥਾਨ ਜਪਜੀ ਕੌਰ ਤੇ ਤੀਜਾ ਸਥਾਨ ਹਰਨੂਰ ਕੌਰ ਨੇ ਹਾਸਲ ਕੀਤਾ, ਜਿਨ੍ਹਾਂ ਦਾ ਮੁੱਖ ਮਹਿਮਾਨ ਵੱਲੋਂ ਸਨਮਾਨ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਡਾ. ਬਲਜੀਤ ਕੌਰ, ਵਿਧਾਇਕ ਲਖਬੀਰ ਸਿੰਘ ਰਾਏ ਤੇ ਡਿਪਟੀ ਕਮਿਸ਼ਨਰ ਸ੍ਰੀਮਤੀ ਪਰਨੀਤ ਸ਼ੇਰਗਿੱਲ ਦਾ ਵੀ ਫੁਲਕਾਰੀ ਦੇ ਨਾਲ ਸਨਮਾਨ ਕੀਤਾ ਗਿਆ।ਇਸ ਮੌਕੇ ਪੀਂਘ ਪਾਉਣ, ਮਹਿੰਦੀ ਲਗਾਉਣ, ਪੰਜਾਬੀ ਖੇਡ ਪੀਚੋ, ਚਰਖਾ ਕੱਤਣਾ ਤੇ ਹੋਰ ਕਈ ਸੱਭਿਆਚਾਰਕ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੀਆਂ ਮੁਟਿਆਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

ਡਾ. ਹਰਜੋਤ ਕਮਲ ਦੇ ਯਤਨਾਂ ਸਦਕਾ ਮੋਗਾ-ਕੋਟਕਪੂਰਾ ਰੇਲਵੇ ਲਾਈਨ ਪੈਣ ਦੀ ਆਸ ਬੱਝੀ

ਬਾਘਾ ਪੁਰਾਣਾ (ਮਨੀ ਸਿੰਗਲਾ)-ਭਾਰਤੀ ਜਨਤਾ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਵਿਜੈ ਸ਼ਰਮਾ ਨੇ ਬਾਘਾ ਪੁਰਾਣਾ ਦੇ ਵਿਉਪਾਰੀਆਂ ਨਾਲ ਮੀਟਿੰਗ ਕਰ ਕੇ ਡਾ. ਹਰਜੋਤ ਕਮਲ ਸਾਬਕਾ ਐੱਮ.ਐੱਲ.ਏ. ਮੋਗਾ ਤੇ ਪੰਜਾਬ ਭਾਜਪਾ ਸੈਕਟਰੀ ਦਾ ਸਵਾਗਤ ਕੀਤਾ, ਜੋ ਨਵੀਂ ਰੇਲਵੇ ਲਾਈਨ ਮੋਗਾ ਤੋਂ ਕੋਟਕਪੂਰਾ ਪਾਉਣ ਵਾਸਤੇ ਕੇਂਦਰੀ ਰੇਲਵੇ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਮਿਲ ਕੇ ਵਿਚਾਰ-ਵਟਾਂਦਰਾ ਕੀਤਾ ਅਤੇ ਉਨ੍ਹਾਂ ਤੋਂ ਭਰੋਸਾ ਲਿਆ।

ਖਾਸ ਕਰ ਕੇ ਬਾਘਾ ਪੁਰਾਣਾ ਦੀ ਚਿਰਾਂ ਤੋਂ ਲਟਕਦੀ ਇਸ ਮੰਗ ਨੂੰ ਪੂਰਾ ਕਰਨ ਵਾਸਤੇ ਬਨਾਰਸੀ ਦਾਸ ਕੱਕੜ ਨੇ ਲੰਮਾਂ ਸਮਾਂ ਸੰਘਰਸ਼ ਕੀਤਾ ਅਤੇ ਨਕਸ਼ਾ ਬਣਵਾ ਐਸਟੀਮੇਟ ਖਰਚਾ ਤਹਿ ਕਰਵਾਉਣ 'ਚ ਕਾਮਯਾਬ ਹੋ ਗਏ ਸੀ, ਪ੍ਰੰਤੂ ਮੌਕੇ ਦੀਆਂ ਸਰਕਾਰਾਂ ਵੱਲੋਂ ਸਾਥ ਨਾ ਮਿਲਣ ਕਰ ਕੇ ਉਨ੍ਹਾਂ ਦੀ ਮਿਹਨਤ ਸਿਰੇ ਨਹੀਂ ਚੜ੍ਹ ਸਕੀ, ਪਰ ਉਨ੍ਹਾਂ ਪਿੱ

10-AUG-PAGE-3.qxd 8/9/2024 9:37 PM Page 1

ਪੰਜਾਬ ਖੇਤ ਮਜ਼ਦੂਰ ਸਭਾ ਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਨੇ ਪ੍ਰਧਾਨ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ

ਤਰਨਤਾਰਨ (ਨਜ਼ਸ)—ਪੰਜਾਬ ਖੇਤ ਮਜ਼ਦੂਰ ਸਭਾ ਅਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਸਭਾ ਦੀ ਆਗੂ ਦੇਵੀ ਕੁਮਾਰੀ ਸਰਹਾਲੀ ਕਲਾਂ ਅਤੇ ਯੂਨੀਅਨ ਦੇ ਆਗੂ ਰਾਣਾ ਮਸੀਹ ਚੂਸਲੇਵੜ ਦੀ ਅਗਵਾਈ ਵਿੱਚ ਦਲਿਤ ਜਥੇਬੰਦੀਆਂ ਦੇ ਆਧਾਰਤ ਬਣੀ ਤਾਲਮੇਲ ਕਮੇਟੀ ਦੇ ਨਿਰਦੇਸ਼ 'ਤੇ ਬਜਟ ਵਿਰੋਧੀ ਪ੍ਰਦਰਸ਼ਨ ਤਹਿਤ ਏਡੀਸੀ ਨੂੰ ਮੰਗ ਪੱਤਰ ਦਿੱਤਾ ਗਿਆ।ਇਹ ਮੰਗ ਪੱਤਰ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਸੰਬੋਧਤ ਹੈ।ਆਗੂਆਂ ਨੇ ਦੱਸਿਆ ਕਿ ਇਸ ਵਾਰ ਪੇਸ਼ ਕੀਤੇ ਗਏ ਕੇਦਰੀ ਬਜਟ ਵਿੱਚ ਦਲਿਤਾਂ ਨੂੰ ਅਣਡਿੱਠ ਕੀਤਾ ਗਿਆ ਹੈ।ਦਲਿਤ ਅਤੇ ਖੇਤ ਮਜ਼ਦੂਰ ਪਹਿਲਾਂ ਹੀ ਆਰਥਿਕ ਤੌਰ 'ਤੇ ਨਪੀੜੇ ਹੋਏ ਹਨ।ਮੰਗ ਪੱਤਰ ਵਿੱਚ ਪ੍ਰਧਾਨ ਮੰਤਰੀ ਕੋਲੋਂ ਮੰਗ ਕੀਤੀ ਗਈ ਹੈ ਕਿ ਦਲਿਤ ਅਤੇ ਮਜ਼ਦੂਰ ਵਰਗ ਦੀ ਬਿਹਤਰੀ ਲਈ ਬਜਟ ਰਾਸ਼ੀ ਵਿੱਚ ਵਾਧਾ ਕੀਤਾ ਜਾਵੇ।ਇਸ ਤੋਂ ਇਲਾਵਾ ਇਹ ਵੀ ਮੰਗ ਕੀਤੀ ਗਈ ਹੈ ਕਿ ਪਬਲਿਕ ਖੇਤਰ ਦਾ ਨਿੱਜੀਕਰਨ ਬੰਦ ਕੀਤਾ ਜਾਵੇ, ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਅਨਸੂਚਿਤ ਜਾਤੀ ਲਈ ਯੋਜਨਾ ਵਿੱਚ ਇਨ੍ਹਾਂ ਦੀ ਆਬਾਦੀ ਅਨੁਸਾਰ ਬਜਟ ਰੱਖਿਆ ਜਾਵੇ।ਇਹ ਵੀ ਮੰਗ ਕੀਤੀ ਗਈ ਹੈ ਦਲਿਤਾਂ ਦੇ ਬੱਚਿਆਂ ਦੇ ਵਿਕਾਸ ਲਈ ਵਿੱਦਿਆ, ਉਦਯੋਗਿਕ ਖੇਤਰ 'ਚ ਵਿਸ਼ੇਸ਼ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ।ਦਲਿਤ ਵਰਗ 'ਤੇ ਹੋ ਰਹੇ ਅੱਤਿਆਚਾਰ ਨੂੰ ਸਖਤੀ ਨਾਲ ਰੋਕਿਆ ਜਾਵੇ।ਮੰਗ ਪੱਤਰ ਦੇਣ ਸਮੇਂ ਹੋਰਨਾਂ ਤੋਂ ਇਲਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲਾ ਪ੍ਰਧਾਨ ਕਾਮਰੇਡ ਜੋਗਿੰਦਰ ਸਿੰਘ ਵਲਟੋਹ, ਜ਼ਿਲਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਗੁਰਵਿੰਦਰ ਸਿੰਘ ਬਾਕੀਪੁਰ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲਾ ਸਕੱਤਰ ਗੁਰਦੀਪ ਸਿੰਘ ਭਿੱਖੀਵਿੰਡ, ਭਵਨ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਸੁਖਦੇਵ ਸਿੰਘ ਗੋਹਲਵੜ, ਕਾਮਰੇਡ ਪ੍ਰੀਤਮ ਸਿੰਘ ਪੱਟੀ, ਕਾਮਰੇਡ ਪ੍ਰਗਟ ਸਿੰਘ ਪੱਟੀ ਆਦਿ ਮੌਜੂਦ ਸਨ।

ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਭਲਕੇ

ਵੇਰਕਾ (ਰਾਣਾ)—ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੀ ਹੰਗਾਮੇਦਾਰ ਮਾਸਿਕ ਮੀਟਿੰਗ ਭਲਕੇ 11 ਅਗਸਤ ਦਿਨ ਐਤਵਾਰ ਨੂੰ ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ ਦੀ ਪ੍ਰਧਾਨਗੀ ਹੇਠ ਜਥੇਬੰਦੀ ਦੇ ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ ਦੇ ਗ੍ਰਹਿ ਕਸਬਾ ਵੇਰਕਾ ਵਿਖੇ ਹੋਵੇਗੀ। ਇਸ ਦੌਰਾਨ ਮੀਟਿੰਗ ਵਿੱਚ ਵੱਖ-ਵੱਖ ਸਮੂਹਿਕ ਮਸਲਿਆਂ ਸੰਬੰਧੀ ਭਰਪੂਰ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਯੂਨੀਅਨ ਦੇ ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ ਨੇ ਹੋਣ ਵਾਲੀ ਮਾਸਿਕ ਮੀਟਿੰਗ ਵਿੱਚ ਸਮੂਹ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ ਦੇ ਜਥੇਬੰਦਕ ਅਹੁੱਦੇਦਾਰ, ਵਰਕਰਾਂ ਨੂੰ ਉਕਤ ਮਿਤੀ ਨੂੰ ਮਿੱਥੇ ਗਏ ਸਮੇਂ ਸਿਰ ਸਵੇਰੇ 10:00 ਵਜੇ ਹਾਜ਼ਰ ਹੋਣ ਦੀ ਅਪੀਲ ਕੀਤੀ ਹੈ।

ਧਮਰਾਈ ਵਿਖੇ ਨਹਿਰ ਦੇ ਕਿਨਾਰਿਆਂ ਦੀ ਮੁਰੰਮਤ ਸ਼ੁਰੂ, ਅਧਿਕਾਰੀਆਂ ਨੇ ਸਥਿਤੀ ਦਾ ਲਿਆ ਜਾਇਜ਼ਾ

ਦੀਨਾਨਗਰ/ਗੁਰਦਾਸਪੁਰ, (ਬਲਵਿੰਦਰ ਸਿੰਘ ਬੱਲਾ)-ਬੀਤੀ ਸ਼ਾਮ ਦੀਨਾਨਗਰ ਨੇੜਲੇ ਪਿੰਡ ਧਮਰਾਈ ਵਿਖੇ ਅਪਰਬਾਰੀ ਦੁਆਬ ਨਹਿਰ ਦੇ ਪੁਰਾਣੇ ਪੁਲ ਦੀ ਵਿੰਗ ਦੀਵਾਰ ਨੁਕਸਾਨੀ ਜਾਣ ਕਾਰਨ ਨਹਿਰ ਦੇ ਕਿਨਾਰੇ ਨੂੰ ਖੋਰਾ ਲੱਗ ਗਿਆ ਸੀ।ਜਿਉਂ ਹੀ ਇਸ ਦੀ ਸੂਚਨਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਿਲੀ ਤਾਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਅਧਿਕਾਰੀਆਂ ਹਦਾਇਤ ਕੀਤੀ ਕਿ ਤੁਰੰਤ ਮੌਕੇ ਤੇ ਜਾ ਕੇ ਸਥਿਤੀ ਦਾ ਜਾਇਜ਼ਾ ਲੈ ਕੇ ਲੋੜੀਂਦੀ ਕਾਰਵਾਈ ਕੀਤੀ ਜਾਵੇ।ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਤੋਂ ਬਾਅਦ ਐੱਸਡੀਐੱਮ ਦੀਨਾਨਗਰ ਸ੍ਰੀਮਤੀ ਜਯੋਤਸਨਾ ਠਾਕੁਰ ਨੇ ਨਾਇਬ ਤਹਿਸੀਲਦਾਰ ਰਘੁਬੀਰ ਸਿੰਘ ਅਤੇ ਯੂਬੀਡੀਸੀ ਦੇ ਐਸਡੀਓ ਸੰਜੀਵ ਸ਼ਰਮਾ ਨਾਲ ਮੌਕੇ ਤੇ ਪਹੁੰਚ ਕੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ।ਅਧਿਕਾਰੀਆਂ ਨੇ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਤੁਰੰਤ ਹੀ ਪੁਲ ਉਪਰੋਂ ਆਵਾਜਾਈ ਨੂੰ ਬੰਦ ਕਰਕੇ ਬੀ. ਆਰ. ਪੁਲ ਵੱਲ ਮੋੜ ਦਿੱਤਾ ਗਿਆ ਅਤੇ ਕਿਨਾਰੇ ਦੀ ਮੁਰੰਮਤ ਦਾ ਕੰਮ ਤੁਰੰਤ ਸ਼ੁਰੂ ਕਰਵਾ ਦਿੱਤਾ।ਐਸਡੀਐੱਮ ਜਯੋਤਸਨਾ ਠਾਕੁਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਹਿਰ ਦੇ ਨੁਕਸਾਨੇ ਗਏ ਕਿਨਾਰੇ ਦੀ ਮੁਰੰਮਤ ਦਾ ਕੰਮ ਰਾਤ ਹੀ ਸ਼ੁਰੂ ਕਰ ਦਿੱਤਾ ਗਿਆ ਸੀ ਜੋ ਜੰਗੀ ਪੱਧਰ ਤੇ ਚੱਲ ਰਿਹਾ ਹੈ।ਉਨ੍ਹਾਂ ਕਿਹਾ ਕਿ ਕਿਨਾਰੇ ਦੀ ਮੁਰੰਮਤ ਵਿੱਚ ਪੱਥਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਤਾਂ ਜੋ ਕਿਨਾਰੇ ਨੂੰ ਮਜ਼ਬੂਤ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਸੋਮਵਾਰ ਤੱਕ ਕਿਨਾਰੇ ਦੀ ਮੁਰੰਮਤ ਕਰ ਲਈ ਜਾਵੇਗੀ ਅਤੇ ਉਸ ਉਪਰੰਤ ਏਥੋਂ ਆਵਾਜਾਈ ਸ਼ੁਰੂ ਕਰ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜੇਕਰ ਨਹਿਰ ਦੇ ਕਿਨਾਰੇ ਦੀ ਤੁਰੰਤ ਮੁਰੰਮਤ ਨਾ ਕੀਤੀ ਜਾਂਦੀ ਤਾਂ ਨੁਕਸਾਨ ਜ਼ਿਆਦਾ ਹੋਣ ਦਾ ਖ਼ਤਰਾ ਸੀ, ਜਿਸ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਆਪਣੀ ਚੌਕਸੀ ਅਤੇ ਤੁਰੰਤ ਕਾਰਵਾਈ ਕਰਕੇ ਟਾਲ ਦਿੱਤਾ ਹੈ।

ਰਾਜਬੀਰ ਸਿੰਘ ਵੱਲੋਂ ਗਰੀਕੋ ਰੋਮਨ 51 ਕਿਲੋ 'ਚ ਅੱਵਲ ਸਥਾਨ ਹਾਸਲ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਾਰ ਸੇਵਾ ਬਾਬਾ ਜਗਤਾਰ ਸਿੰਘ ਜੀ ਅਤੇ ਬਾਬਾ ਮਹਿੰਦਰ ਸਿੰਘ ਦੀ ਰਹਿਨੁਮਾਈ ਹੇਠ ਚਲਾਈ ਜਾ ਰਹੀ ਗੁਰੂ ਨਾਨਕ ਦੇਵ ਅਕੈਡਮੀ, ਤਰਨ ਤਾਰਨ ਦੇ ਵਿਦਿਆਰਥੀ ਰਾਜਬੀਰ ਸਿੰਘ ਨੇ ਅੰਡਰ-17 ਫਰੀ ਸਟਾਈਲ ਕੁਸ਼ਤੀ 51 ਕਿੱਲੋ ਵਰਗ ਵਿਚ ਜ਼ਿਲ੍ਹੇ ਵਿੱਚੋਂ ਤੀਸਰਾ ਅਸਥਾਨ ਪ੍ਰਾਪਤ ਕੀਤਾ ਅਤੇ ਗਰੀਕੋ ਰੋਮਨ 51 ਕਿਲੋ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਸਟੇਟ ਪੱਧਰੀ ਕੁਸ਼ਤੀ ਮੁਕਾਬਲੇ ਲਈ ਕੁਆਲੀਫਾਈ ਕਰਕੇ ਸਕੂਲ, ਮਾਤਾ-ਪਿਤਾ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ।ਮੁਕਾਬਲਿਆਂ ਵਿਚ ਤਰਨਤਾਰਨ ਦੇ ਵੱਖ-ਵੱਖ ਸਕੂਲਾਂ ਵੱਲੋਂ ਭਾਗ ਲਿਆ ਗਿਆ ਅਤੇ ਖੇਡਾਂ ਨੂੰ ਹੋਰ ਪ੍ਰਫੁੱਲਤ ਕੀਤਾ । ਸਕੂਲ ਦੇ ਪ੍ਰਿੰਸੀਪਲ ਮੈਡਮ ਜਸਪਾਲ ਕੌਰ ਸਿੱਧੂ, ਡੀ.ਪੀ.ਈ ਗੁਰਪ੍ਰੀਤ ਸਿੰਘ, ਡੀ.ਪੀ.ਈ. ਗੁਰਪ੍ਰਤਾਪ ਸਿੰਘ, ਡੀ.ਪੀ.ਈ ਗਗਨਦੀਪ ਸਿੰਘ ਅਤੇ ਕੋਚ ਰਾਜੇਸ਼ ਥਾਪਾ ਜੀ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਖੇਡਾਂ ਵਿੱਚ ਹੋਰ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ।

ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਸਾਹਬੀ ਖਾਨਕੋਟ ਚੇਅਰਮੈਨ ਬਣੇ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਦਾ ਅਯੋਜਨ ਕੀਤਾ ਗਿਆ, ਜਿਸ ਵਿੱਚ ਸੁਪਨਦੀਪ ਸਿੰਘ ਸਾਹਬੀ ਖਾਨਕੋਟ ਨੂੰ ਨੈਸ਼ਨਲ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ।ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਪਹੁੰਚੇ ਕੌਮੀ ਪ੍ਰਧਾਨ ਆਸਾ ਸਿੰਘ ਆਜ਼ਾਦ, ਕੌਮੀ ਪ੍ਰਧਾਨ ਇਸਤਰੀ ਵਿੰਗ ਮੈਡਮ ਪਵਨਜੀਤ ਕੌਰ ਮਾਨ, ਕੌਮੀ ਵਾਈਸ ਚੇਅਰਮੈਨ ਸ਼ੰਕਰ ਸਿੰਘ,. ਮਾਝਾ ਜ਼ੋਨ ਪ੍ਰਧਾਨ ਪੰਜਾਬ ਲਖਵਿੰਦਰ ਸਿੰਘ ਕਲੇਰ, ਪਰਮਿੰਦਰ ਸਿੰਘ ਗਿੱਲ ਉਪ ਪ੍ਰਧਾਨ ਪੰਜਾਬ ਆਰਟੀਆਈ ਵਿੰਗ, ਇੰਦਰਪਾਲ ਸਿੰਘ ਵਾਈਸ ਚੇਅਰਮੈਨ, ਸੁਖਜੀਤ ਸਿੰਘ ਸਿੱਧੂ ਪੰਜਾਬ ਪ੍ਰਧਾਨ ਯੂਥ ਵਿੰਗ, ਮਨਵੀਰ ਸਿੰਘ ਵਡਾਲਾ ਪੰਜਾਬ ਵਰਕਿੰਗ ਪ੍ਰਧਾਨ, ਡਾਕਟਰ ਗੁਰਪ੍ਰੀਤ ਸਿੰਘ ਕੰਬੋ ਜ਼ਿਲਾ ਪ੍ਰਧਾਨ ਤਰਨਤਾਰਨ, ਜਗਵੰਤ ਸਿੰਘ ਪ੍ਰਧਾਨ ਪੱਟੀ ਤਰਨਤਾਰਨ, ਸੁਖਵਿੰਦਰ ਸਿੰਘ ਵੱਲੋਂ ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਅਤੇ ਸੁਪਨਦੀਪ ਸਿੰਘ ਖਾਨਕੋਟ ਨੂੰ ਚੇਅਰਮੈਨ ਥਾਪਿਆ ਗਿਆ।ਇਸ ਮੌਕੇ ਤੇ ਲਖਵਿੰਦਰ ਸਿੰਘ ਕਲੇਰ, ਡਾਕਟਰ ਮਨਦੀਪ ਸਿੰਘ ਚੀਚਾ, ਡਾ. ਗੁਰਪ੍ਰੀਤ ਸਿੰਘ ਚੀਚਾ, ਡਾਕਟਰ ਦਲੇਰ ਜੌਹਲ, ਮਨਜੀਤ ਸਿੰਘ ਯੂਥ ਵਾਈਸ ਪ੍ਰਧਾਨ ਆਦਿ ਹਾਜ਼ਰ ਸਨ।ਇਸ ਮੌਕੇ ਕੌਮੀ ਪ੍ਰਧਾਨ ਆਸਾ ਸਿੰਘ ਅਜ਼ਾਦ ਵੱਲੋਂ ਤੇ ਹੋਰਨਾਂ ਵੱਲੋਂ ਅਹੁਦੇਦਾਰਾਂ ਨੂੰ ਸੰਸਥਾ ਸੰਬੰਧੀ ਜਾਣਕਾਰੀ ਦਿੱਤੀ ਗਈ ਅਤੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਨਵ-ਨਿਯੁਕਤ ਪੁਲਸ ਮੁਲਾਜ਼ਮਾਂ ਨੂੰ ਦਿੱਤੀ ਵਧਾਈ : ਧੁੰਨਾ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨਵ ਨਿਯੁਕਤ ਕੀਤੇ ਗਏ 443 ਪੁਲਸ ਮੁਲਾਜ਼ਮਾਂ ਵਿੱਚੋਂ ਤਿੰਨ ਤਰਨਤਾਰਨ ਜ਼ਿਲ੍ਹੇ ਵਿੱਚ ਸੇਵਾ ਨਿਭਾਉਣਗੇ।ਇਹ ਮੁਲਾਜ਼ਮ ਇੱਕ ਭਿੱਖੀਵਿੰਡ, ਦੂਸਰਾ ਬਾਠ ਪਿੰਡ ਖਡੂਰ ਸਾਹਿਬ ਅਤੇ ਤੀਸਰਾ ਗੋਇੰਦਵਾਲ ਸਾਹਿਬ ਤੋਂ ਸਬ-ਇੰਸਪੈਕਟਰ ਦੀ ਹੈਸੀਅਤ ਨਾਲ ਸੇਵਾ ਦੇਣਗੇ। ਗੋਇੰਦਵਾਲ ਸਾਹਿਬ ਤੋਂ ਨਵ ਨਿਯੁਕਤ ਸਬ-ਇੰਸਪੈਕਟਰ ਗੁਰਪ੍ਰੀਤ ਸਿੰਘ ਬਾਵਾ ਨੂੰ ਖਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ।ਡਾਇਰੈਕਟਰ ਪੰਜਾਬ ਮੰਡੀ ਬੋਰਡ ਹਰਪ੍ਰੀਤ ਸਿੰਘ ਧੁੰਨਾ ਅਤੇ ਉਨ੍ਹਾਂ ਦੀ ਟੀਮ ਨੇ ਗੁਰਪ੍ਰੀਤ ਸਿੰਘ ਦੇ ਘਰ ਜਾ ਕੇ ਇਹ ਸਨਮਾਨ ਕੀਤਾ।ਹਰਪ੍ਰੀਤ ਸਿੰਘ ਧੁੰਨਾ ਨੇ ਇਸ ਮੌਕੇ ਕਿਹਾ ਕਿ ਇਹ ਪਰਿਵਾਰ ਮੇਰਾ ਆਪਣਾ ਅਤੇ ਗਵਾਂਢੀ ਪਰਿਵਾਰ ਹੈ।ਇਸ ਮੌਕੇ ਹਰਪ੍ਰੀਤ ਸਿੰਘ ਧੁੰਨਾ ਦੇ ਨਾਲ ਹਰਪਿੰਦਰ ਸਿੰਘ ਗਿੱਲ, ਸੁਖਰਾਜ ਸਿੰਘ, ਸਬ-ਇੰਸਪੈਕਟਰ ਗੁਰਪ੍ਰੀਤ ਸਿੰਘ ਦੇ ਪਿਤਾ ਭੁਪਿੰਦਰ ਸਿੰਘ ਬਾਵਾ ਅਤੇ ਉਨ੍ਹਾਂ ਦੀ ਮਾਤਾ ਵੀ ਮੌਜੂਦ ਸਨ। ਭਿੱਖੀਵਿੰਡ, ਬਾਠ ਅਤੇ ਗੋਇੰਦਵਾਲ ਸਾਹਿਬ ਦੇ ਨਾਗਰਿਕਾਂ ਨੇ ਵੀ ਭਗਵੰਤ ਮਾਨ ਸਰਕਾਰ ਦੀ ਇਸ ਕੋਸ਼ਿਸ਼ ਦੀ ਸ਼ਲਾਘਾ ਕੀਤੀ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਨਿਯੁਕਤੀਆਂ ਨਾਲ ਪਿੰਡਾਂ ਵਿੱਚ ਕਾਨੂੰਨ ਅਤੇ ਕਾਇਦਾ ਵਿਵਸਥਾ ਮਜ਼ਬੂਤ ਹੋਵੇਗੀ ਅਤੇ ਲੋਕਾਂ ਨੂੰ ਸੁਰੱਖਿਆ ਦਾ ਭਰੋਸਾ ਮਿਲੇਗਾ।

ਗੁ. ਬਾਬਾ ਨੰਦਾ ਜੀ ਵਿਖੇ ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ

ਕਾਦਿਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਸਬਾ ਹਰਚੋਵਾਲ ਦੇ ਨਜ਼ਦੀਕ ਪਿੰਡ ਔਲਖ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਾਵਨ ਚਰਨ ਛੋਹ ਪ੍ਰਾਪਤ ਯਾਦਗਾਰ ਵਿੱਚ ਸੁਸ਼ੋਭਿਤ ਗੁਰਦੁਆਰਾ ਬਾਬਾ ਨੰਦਾ ਜੀ ਦੇ ਤਪ ਅਸਥਾਨ ਤੇ ਹਰ ਸਾਲ ਦੀ ਤਰ੍ਹਾਂ ਬਾਬਾ ਨੰਦਾ ਜੀ ਦੀ ਯਾਦ ਵਿੱਚ ਸਰਬੱਤ ਦੇ ਭਲੇ ਲਈ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਗੁਰਬਾਣੀ ਦੇ ਪਰਵਾਹ ਦੀ ਸ੍ਰੀ ਅਖੰਡ ਪਾਠਾਂ ਦੀ 30ਵੀਂ ਲੜੀ ਨੂੰ ਮੁੱਖ ਰੱਖਦਿਆਂ ਸੇਵਾਦਾਰ ਸੰਗਤਾਂ ਦੀ ਇਕੱਤਰਤਾ ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕ ਬਾਬਾ ਮਹਿੰਦਰ ਸਿੰਘ ਔਲਖ ਅਤੇ ਮੁੱਖ ਸੇਵਾਦਾਰ ਬਾਬਾ ਜੋਗਾ ਸਿੰਘ ਔਲਖ ਦੀ ਰਹਿਨੁਮਾਈ ਹੇਠ ਹੋਈ। ਜਾਣਕਾਰੀ ਦਿੰਦਿਆਂ ਭਾਈ ਚਤਰ ਸਿੰਘ ਔਲਖ, ਸੂਬੇਦਾਰ ਕੁਲਵੰਤ ਸਿੰਘ ਔਲਖ, ਡਾ. ਲਖਵਿੰਦਰ ਸਿੰਘ ਸੰਧੂ ਔਲਖ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੀ ਆਰੰਭਤਾ ਅੰਦਾਜਨ ਅਗਸਤ ਦੇ ਅਖੀਰਲੇ ਹਫਤੇ ਤੱਕ ਸ਼ੁਰੂ ਹੋ ਕੇ ਨਿਰੰਤਰ ਲਗਾਤਾਰ ਚਲਦੀ ਰਹੇਗੀ ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕ ਬਾਬਾ ਮਹਿੰਦਰ ਸਿੰਘ ਔਲਖ ਵੱਲੋਂ ਪਾਠੀ ਸਿੰਘਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ 11 ਅਗਸਤ ਦਿਨ ਐਤਵਾਰ ਸਵੇਰੇ 10 ਵਜੇ ਨੂੰ ਗੁਰਬਾਣੀ ਦੇ ਪਰਿਵਾਰ ਵਿੱਚ ਡਿਊਟੀ ਕਰਨ ਲਈ ਪਾਠੀ ਸਿੰਘਾਂ ਦੇ ਨਾਮ ਲਿਖੇ ਜਾਣਗੇ। ਬਾਬਾ ਜੀ ਨੇ ਕਿਹਾ ਕਿ ਸੰਗਤਾਂ ਵੱਧ-ਚੜ੍ਹ ਕੇ ਰੋਜ਼ਾਨਾ ਹਾਜ਼ਰੀ ਭਰਨ ਦੀ ਕਿਰਪਾਲਤਾ ਕਰਨ।

4 ਮੈਡਲ ਜਿੱਤ ਕੇ ਗੁਰਦਾਸਪੁਰ ਦੇ ਖਿਡਾਰੀਆਂ ਪੰਜਾਬ ਦਾ ਨਾਂਅ ਰੁਸ਼ਨਾਇਆ

ਗੁਰਦਾਸਪੁਰ (ਜਨਕ ਮਹਾਜਨ)-ਸਬ ਜੂਨੀਅਰ ਨੈਸ਼ਨਲ ਕਰਾਸ ਚੈਂਪੀਅਨਸ਼ਿਪ 5 ਅਗਸਤ ਤੋਂ 7 ਅਗਸਤ ਤੱਕ ਸਹਾਰਨਪੁਰ ਯੂਪੀ ਵਿਖੇ ਹੋਈ ਜਿਸ ਵਿਚ ਸ਼ਹੀਦ ਭਗਤ ਸਿੰਘ ਜੂਡੋ ਟਰੇਨਿੰਗ ਸੈਂਟਰ ਗੁਰਦਾਸਪੁਰ ਦੇ 10 ਖਿਡਾਰੀਆਂ ਨੇ ਪਹਿਲੀ ਵਾਰ ਭਾਗ ਲਿਆ ਸੀ ਅਤੇ ਦੋ ਬਰੌਂਜ਼, ਦੋ ਸਿਲਵਰ ਮੈਡਲ ਜਿੱਤ ਕੇ ਸੈਂਟਰ ਦਾ ਨਾਮ ਰੌਸ਼ਨ ਕੀਤਾ ਹੈ। ਸੈਂਟਰ ਦੇ ਸੰਚਾਲਕ ਅਮਰਜੀਤ ਸ਼ਾਸਤਰੀ ਨੇ ਦੱਸਿਆ ਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਇਹ ਖੇਡ ਸਕੂਲਾਂ ਵਿੱਚ ਸ਼ੁਰੂ ਕੀਤੀ ਗਈ ਹੈ। ਟੀਮ ਦੇ ਕੋਚ ਅਤੁਲ ਕੁਮਾਰ, ਲਕਸ਼ੇ ਕੁਮਾਰ ਨੇ ਦੱਸਿਆ ਕਿ ਖਿਡਾਰੀਆਂ ਨੂੰ ਖੇਡ ਨਿਯਮਾਂ ਦੀ ਬਹੁਤੀ ਜਾਣਕਾਰੀ ਨਾ ਹੋਣ ਕਰਕੇ ਸੈਮੀਫਾਈਨਲ, ਕੁਆਰਟਰ ਫਾਈਨਲ

10-Aug-PAGE-4.qxd 8/9/2024 9:40 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 10 ਅਗਸਤ 2024

ਡਾਇਮੰਡ ਮਾਵਾਂ

ਪੈਰਿਸ ਉਲੰਪਿਕ ਦੇ ਜੈਵਲਿਨ ਥ੍ਰੋ ਮੁਕਾਬਲੇ ਵਿਚ ਐਤਕੀਂ ਗੋਲਡ ਮੈਡਲ ਪਾਕਿਸਤਾਨ ਦੇ ਅਰਸ਼ਦ ਨਦੀਮ ਤੇ ਸਿਲਵਰ ਮੈਡਲ ਪਿਛਲੀ ਟੋਕੀਓ ਉਲੰਪਿਕ ਦੇ ਚੈਂਪੀਅਨ ਭਾਰਤ ਦੇ ਨੀਰਜ ਚੋਪੜਾ ਨੇ ਜਿੱਤਿਆ। ਦੋਹਾਂ ਮੁਲਕਾਂ ਵਿਚ ਇਨ੍ਹਾਂ ਦੀ ਜਿੱਤ ਦਾ ਖੂਬ ਜਸ਼ਨ ਮਨਾਇਆ ਗਿਆ। ਇਨ੍ਹਾਂ ਜਸ਼ਨਾਂ ਦਰਮਿਆਨ ਦੋਹਾਂ ਐਥਲੀਟਾਂ ਦੀਆਂ ਮਾਵਾਂ ਨੇ ਜਿਹੜੀ ਪ੍ਰਤੀਕਿਰਿਆ ਕੀਤੀ, ਉਸ ਨੇ ਖੇਡ ਪ੍ਰੇਮੀਆਂ ਦਾ ਮਨ ਮੋਹ ਲਿਆ ਹੈ। ਅਰਸ਼ਦ ਦੀ ਮਾਂ ਰਜ਼ੀਆ ਪ੍ਰਵੀਨ ਨੇ ਆਪਣੇ ਬੇਟੇ ਦੀ ਇਤਿਹਾਸਕ ਜਿੱਤ 'ਤੇ ਕਿਹਾ, "ਮੈਂ ਆਪਣੇ ਪੁੱਤ ਵਾਂਗ ਹੀ ਨੀਰਜ ਚੋਪੜਾ ਲਈ ਵੀ ਦੁਆਵਾਂ ਕੀਤੀਆਂ ਸਨ। ਨੀਰਜ ਮੈਨੂੰ ਆਪਣੇ ਪੁੱਤ ਵਰਗਾ ਹੀ ਲਗਦਾ ਹੈ।" ਨੀਰਜ ਦੀ ਮਾਂ ਸਰੋਜ ਦੇਵੀ ਨੇ ਕਿਹਾ, "ਮੈਂ ਆਪਣੇ ਪੁੱਤ ਦੇ ਸਿਲਵਰ ਮੈਡਲ ਹਾਸਲ ਕਰਨ ਤੋਂ ਖੁਸ਼ ਹਾਂ ਤੇ ਗੋਲਡ ਜਿੱਤਣ ਵਾਲੇ ਅਰਸ਼ਦ ਦੀ ਕਾਮਯਾਬੀ ਤੋਂ ਵੀ ਓਨੀ ਹੀ ਖੁਸ਼ ਹਾਂ। ਉਹ ਵੀ ਮੇਰੇ ਪੁੱਤ ਵਰਗਾ ਹੈ। ਮੁਕਾਬਲੇ ਵਿਚ ਹਰ ਕੋਈ ਸਖਤ ਮਿਹਨਤ ਕਰਕੇ ਜਾਂਦਾ ਹੈ। ਮੁਕਾਬਲਾ ਭਾਰਤ ਤੇ ਪਾਕਿਸਤਾਨ ਵਿਚਾਲੇ ਨਹੀਂ ਸੀ।"

ਮਾਵਾਂ ਦੀ ਪ੍ਰਤੀਕਿਰਿਆ ਦੱਸਦੀ ਹੈ ਕਿ ਖੇਡ ਨੂੰ ਖੇਡ ਦੀ ਭਾਵਨਾ ਨਾਲ ਲੈਣਾ ਚਾਹੀਦਾ ਹੈ, ਦੋ ਮੁਲਕਾਂ ਵਿਚਾਲੇ ਜੰਗ ਦੇ ਤੌਰ 'ਤੇ ਨਹੀਂ। ਮਾਵਾਂ ਦੀ ਪ੍ਰਤੀਕਿਰਿਆ 'ਤੇ ਸੋਸ਼ਲ ਮੀਡੀਆ ਨੇ ਵੀ ਬਹੁਤ ਸੋਹਣੀ ਪ੍ਰਤੀਕਿਰਿਆ ਕੀਤੀ ਹੈ—ਅਰਸ਼ਦ ਨੇ ਗੋਲਡ ਤੇ ਨੀਰਜ ਨੇ ਸਿਲਵਰ ਮੈਡਲ ਜਿੱਤਿਆ ਪਰ ਦੋਹਾਂ ਦੀਆਂ ਮਾਵਾਂ ਅਸਲ ਡਾਇਮੰਡ ਹਨ।

ਅਰਸ਼ਦ ਤੇ ਨੀਰਜ ਦੋਸਤ ਹਨ। ਕੁਝ ਮਹੀਨੇ ਪਹਿਲਾਂ ਜਦੋਂ ਅਰਸ਼ਦ ਨੇ ਸੋਸ਼ਲ ਮੀਡੀਆ 'ਤੇ ਅਪੀਲ ਪਾਈ ਸੀ ਕਿ ਉਸ ਨੂੰ ਕੁਆਲਿਟੀ ਦਾ ਜੈਵਲਿਨ ਲੈਣ ਲਈ ਪੈਸਿਆਂ ਦੀ ਲੋੜ ਹੈ, ਤਾਂ ਨੀਰਜ ਨੇ ਹੋਰਨਾਂ ਨਾਲੋਂ ਅੱਗੇ ਵਧ ਕੇ ਮਦਦ ਕੀਤੀ ਸੀ। ਗੋਲਡ ਮੈਡਲ ਜਿੱਤਣ ਤੋਂ ਬਾਅਦ ਅਰਸ਼ਦ ਨੇ ਕਿਹਾ,"ਕ੍ਰਿਕਟ ਮੈਚਾਂ ਤੇ ਹੋਰਨਾਂ ਖੇਡਾਂ ਵਿਚ ਦੋਹਾਂ ਦੇਸ਼ਾਂ ਵਿਚਾਲੇ ਰਕਾਬਤ ਦੇਖੀ ਜਾਂਦੀ ਹੈ ਪਰ ਇਸ ਮੁਕਾਬਲੇ ਤੋਂ ਬਾਅਦ ਉਮੀਦ ਹੈ ਕਿ ਦੋਹਾਂ ਦੇਸ਼ਾਂ ਦੇ ਨੌਜਵਾਨ ਸਾਡੇ ਨਾਲ ਤੁਰਨਗੇ।" ਨੀਰਜ ਦੀ ਪ੍ਰਤੀਕਿਰਿਆ ਸੀ—ਦਿਨ ਅਰਸ਼ਦ ਦਾ ਸੀ।

ਖੇਡ ਪ੍ਰੇਮੀ ਤਾਂ ਇਨ੍ਹਾਂ ਦੀ ਜੋੜੀ ਨੂੰ ਸ਼ੋਅਲੇ ਫਿਲਮ ਵਾਲੀ ਜੈ-ਵੀਰੂ ਦੀ ਜੋੜੀ ਵਰਗੀ ਮੰਨਦੇ ਹਨ। ਦੋਹਾਂ ਨੌਜਵਾਨਾਂ ਦੀ ਕਾਮਯਾਬੀ ਪਾਕਿਸਤਾਨ ਤੇ ਭਾਰਤ ਦੇ ਪੁੰਗਰਦੇ ਐਥਲੀਟਾਂ ਲਈ ਪ੍ਰੇਰਨਾਦਾਇਕ ਸਾਬਤ ਹੋਵੇਗੀ। ਇਨ੍ਹਾਂ ਨੌਜਵਾਨਾਂ ਦੀ ਦੋਸਤੀ ਤੇ ਇਨ੍ਹਾਂ ਦੀਆਂ ਮਾਵਾਂ ਦੀਆਂ ਭਾਵਨਾਵਾਂ ਨਿਸਚੇ ਹੀ ਦੋਹਾਂ ਮੁਲਕਾਂ ਦੇ ਲੋਕਾਂ 'ਤੇ ਅਸਰ ਪਾਉਣਗੀਆਂ, ਜਿਨ੍ਹਾਂ ਨੂੰ ਹਾਕਮ ਨਫਰਤ ਦੇ ਟੀਕੇ ਲਾਉਂਦੇ ਆ ਰਹੇ ਹਨ।

ਪਾਠਕ-ਸੱਥ

ਜਾਂਬਾਜ਼ ਖਿਡਾਰਨ ਵਿਨੇਸ਼ ਫੋਗਾਟ

ਉਲੰਪਿਕ ਦੇ ਕੁਸ਼ਤੀ ਮੁਕਾਬਲੇ 'ਚ ਫਾਈਨਲ ਵਿੱਚ ਪਹੁੰਚਣ ਵਾਲੀ ਵਿਨੇਸ਼ ਫੋਗਾਟ ਵੱਲੋਂ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਫੈਸਲਾ ਕੀਤਾ ਗਿਆ ਹੈ। ਉਸ ਦੇ ਫਾਈਨਲ ਵਿੱਚ ਪਹੁੰਚਣ 'ਤੇ ਜਿੱਥੇ ਪੂਰੇ ਦੇਸ਼ 'ਚ ਖੁਸ਼ੀ ਦਾ ਆਮਲ ਬੱਝਿਆ ਸੀ ਹੁਣ ਇੱਕਦਮ ਨਿਰਾਸ਼ਾ ਤੇ ਉਦਾਸੀ ਦਾ ਮਾਹੌਲ ਹੈ। ਉਸ ਨੂੰ 100 ਗ੍ਰਾਮ ਭਾਰ ਵਧਣ ਕਰਕੇ ਅੰਤਿਮ ਮੁਕਾਬਲੇ 'ਚੋਂ ਅਯੋਗ ਕਰਾਰ ਦੇ ਦਿੱਤਾ ਗਿਆ ਸੀ। ਕਿਤੇ ਇਸ ਲੜਕੀ ਨਾਲ ਕੋਈ ਰਾਜਨੀਤੀ ਤਾਂ ਨਹੀਂ ਖੇਡੀ ਗਈ। ਜੇ ਇਹ ਖੇਡ ਖੇਡੀ ਗਈ ਹੈ ਤਾਂ ਸਾਡੇ ਦੇਸ਼ ਲਈ ਬਹੁਤ ਹੀ ਮੰਦਭਾਗੀ ਗੱਲ ਹੈ ਕਿਉਂਕਿ ਪਿਛਲੇ ਸਮੇਂ ਵਿੱਚ ਇਸ ਖਿਡਾਰਨ ਨੇ ਮਹਿਲਾ ਖਿਡਾਰੀਆਂ ਵੱਲੋਂ ਆਪਣੇ ਨਾਲ ਹੁੰਦੇ ਅਸ਼ਲੀਲ ਵਿਵਹਾਰ ਨੂੰ ਲੈ ਕੇ ਕੀਤੇ ਜਾ ਰਹੇ ਅੰਦੋਲਨ ਵਿੱਚ ਹਿੱਸਾ ਲਿਆ ਸੀ। ਕਿਤੇ ਫੋਗਾਟ ਇਸ ਕਰਕੇ ਕਿਸੇ ਸਾਜ਼ਿਸ਼ ਦਾ ਸ਼ਿਕਾਰ ਤਾਂ ਨਹੀਂ ਹੋਈ, ਇਹ ਸਭ ਸੋਚਣ ਵਾਲੀ ਗੱਲ ਹੈ। ਪਰ ਫਿਰ ਵੀ ਇਸ ਬਹਾਦਰ ਲੜਕੀ ਨੇ ਅਗਲੇ ਮੁਕਾਬਲੇ ਤੋਂ ਪਹਿਲਾਂ ਸਾਰੀ ਰਾਤ ਇਹ ਵਧਿਆ ਭਾਰ ਘਟਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਹਰ ਢੰਗ- ਤਰੀਕਾ ਵਰਤਿਆ ਪਰ ਭਾਰ ਘਟ ਨਾ ਸਕਿਆ। ਅਸਲ ਵਿੱਚ ਇਹ ਉਸ ਦੀ ਹਾਰ ਨਹੀਂ। ਉਹ ਹਾਰ ਕੇ ਵੀ ਜਿੱਤ ਗਈ ਹੈ। ਸਾਨੂੰ ਸਭ ਨੂੰ ਤੇ ਉਸ ਨੂੰ ਚਾਹੁੰਣ ਵਾਲੇ ਉਸ ਦੇ ਅਸਲ ਪ੍ਰਸੰਸਕਾਂ ਨੂੰ ਇਸ ਜਾਂਬਾਜ਼ ਧੀ 'ਤੇ ਮਾਣ ਹੈ।

-ਲਾਭ ਸਿੰਘ ਸ਼ੇਰਗਿੱਲ, ਸੰਗਰੂਰ

ਗੋਲਡ ਕਿ ਗੋਲਡਨ ਮੈਡਲ?

ਯੂਨੀਵਰਸਿਟੀ ਅਪਣੇ ਟੱਪਰ ਵਿਦਿਆਰਥੀ ਨੂੰ ਜਿਹੜਾ ਤਗ਼ਮਾ ਦਿੰਦੀ ਹੈ ਉਸਨੂੰ ਗੋਲਡ ਮੈਡਲ ਕਹਿੰਦੇ ਹਨ। ਇਸ ਉਪਰ ਵਿਦਿਆਰਥੀ ਦਾ ਨਾਮ, ਕਲਾਸ ਅਤੇ ਸਾਲ ਖੁਣਿਆ ਹੁੰਦਾ ਹੈ। ਪ੍ਰਾਪਤ ਕਰਤਾ ਮੈਡਲ ਪਹਿਨਣ ਦਾ ਹੱਕਦਾਰ ਹੈ ਇਸ ਵਾਸਤੇ ਕਾਨਵੋਕੇਸ਼ਨ ਤੇ ਵੱਖਰਾ ਸਰਟੀਫਿਕੇਟ ਮਿਲਦਾ ਹੈ।

ਇਕ ਦਿਨ ਅਪਣੇ ਬੀ ਏ ਐਮ ਏ ਦੇ ਦੋਵੇਂ ਮੈਡਲ ਸੁਨਿਆਰ ਕੋਲ ਲੈ ਗਿਆ। ਪਰਖ ਕਰਵਾਈ। ਸੋਨੇ ਦੇ ਨਹੀਂ ਪਿੱਤਲ ਦੇ ਨਿਕਲੇ। ਸੋਨੇ ਦੀ ਝਾਲ ਚੜ੍ਹਾਈ ਹੋਈ ਹੈ।

ਬੀ ਏ ਦਾ ਮੈਡਲ 10 ਗ੍ਰਾਮ ਦਾ ਐਮ ਏ ਦਾ 7.5 ਗ੍ਰਾਮ। ਐਮ ਏ ਵਾਲਾ ਵੱਧ ਭਾਰਾ ਹੋਣਾ ਚਾਹੀਦਾ ਸੀ ਹਲਕਾ ਕਿਉਂ ਹੋ ਗਿਆ? ਉਹੋ, ਕਾਫਕਾ ਨੇ ਦੱਸਿਆ ਤਾਂ ਸੀ, ਕਾਲ ਪੈ ਜਾਵੇ ਤਾਂ ਰੋਟੀ ਦਾ ਆਕਾਰ ਘਟ ਜਾਂਦਾ ਹੈ।

ਕੀ ਮੋਤੀਆਂ ਵਾਲੀਆਂ ਸਰਕਾਰਾਂ ਦੇ ਖਜ਼ਾਨਿਆਂ ਵਿਚੋਂ ਮੋਤੀਆਂ ਦਾ ਕਾਲ ਪੈ ਗਿਆ ਹੈ? ਨਹੀਂ। ਵੰਡਣ ਵਾਲੇ ਹੱਥ ਕੱਟੇ ਗਏ ਹਨ।

ਗਲਤ ਤਰੀਕਾ ਅਪਣਾ ਕੇ ਧੋਖਾਧੜੀ ਨਾਲ ਵਿਦਿਆਰਥੀ ਇਮਤਿਹਾਨ ਪਾਸ ਕਰਨਾ ਚਾਹੇ ਯੂਨੀਵਰਸਿਟੀ ਉਸ ਵਿਰੁੱਧ ਕੇਸ ਦਰਜ ਕਰਕੇ ਸਜ਼ਾ ਦਿੰਦੀ ਹੈ। ਆਪ ਗੋਲਡਨ ਨੂੰ ਗੋਲਡ ਕਹਿਕੇ ਵੰਡੇ ਤਾਂ ਕੀ ਇਹ ਧੋਖਾਧੜੀ ਨਹੀਂ? ਮੁਕੱਦਮਾ ਦਾਨਿਸ਼ਵਰਾਂ ਦੀ ਅਦਾਲਤ ਵਿਚ ਦਾਇਰ।

-ਹਰਪਾਲ ਸਿੰਘ ਪੰਨੂ

ਮਰੀਜ਼ਾਂ ਦਾ ਆਰਥਕ ਸ਼ੋਸ਼ਣ...

ਪਹਿਲਾਂ ਸਮਿਆਂ ਵਿੱਚ ਲੋਕ ਵੈਦ ਨੂੰ ਹੀ ਡਾਕਟਰ ਸਮਝਦੇ ਸਨ। ਵੈਦ ਦੀ ਸ਼ਲਾਘਾ ਵੀ ਕਾਫ਼ੀ ਦੂਰ ਤੱਕ ਫੈਲੀ ਹੁੰਦੀ ਸੀ। ਵੈਦ. ਨਬਜ਼ ਦੇਖ ਕੇ ਬਿਮਾਰੀ ਦੱਸ ਦਿੰਦੇ ਹਨ। ਮਰੀਜ਼ ਨੂੰ ਸਹੀ ਹੋਣ ਲਈ ਜੜੀ-ਬੂਟੀਆਂ ਦੁਆਰਾ ਤਿਆਰ ਕੀਤੀ ਦਵਾਈ ਮੁਫਤ ਸੇਵਾ ਵਜੋਂ ਦਿੰਦੇ ਤੇ ਮਰੀਜ਼ ਜੇਕਰ ਸ਼ਰਧਾ ਨਾਲ ਪੈਸੇ ਦੇ ਜਾਂਦਾ ਸੀ ਤਾਂ ਖਿੜੇ ਮੱਥੇ ਪ੍ਰਵਾਨ ਕਰ ਲੈਂਦੇ ਸਨ। ਹੁਣ ਇਹ ਡਾਕਟਰੀ 'ਕਾਰੋਬਾਰ ਹੈ' ਸੇਵਾ ਨਹੀਂ ਦੇ ਮੰਤਵ ਵਿੱਚ ਤਬਦੀਲ ਹੋ ਗਈ ਹੈ। ਸ਼ਹਿਰਾਂ ਵਿੱਚ ਕਲੀਨਿਕ ਤੇ ਡਾਕਟਰ ਦੀ ਫੀਸ ਦੀ ਫੀਸ 100 ਤੋਂ 200 ਰੁਪਏ ਤੱਕ ਲਿਖੀ ਆਮ ਮਿਲ ਜਾਂਦੀ ਹੈ। ਏਸ ਸਮੇਂ ਡਾਕਟਰੀ ਇਲਾਜ ਏਨਾ ਮਹਿੰਗਾ ਹੋ ਗਿਆ ਹੈ ਕਿ ਸਿਰਫ 10 ਫੀਸਦੀ ਲੋਕ ਹੀ ਇਲਾਜ ਕਰਵਾ ਸਕਦੇ ਹਨ। ਕਰੋੜਾਂ ਰੁਪਏ ਨਾਲ ਬਣੇ ਹਸਪਤਾਲ ਦੇ ਖਰਚੇ ਦੀ ਵਸੂਲੀ ਮਰੀਜ਼ਾਂ ਦੀ ਲੁੱਟ ਕਰਕੇ ਸਾਲ ਵਿੱਚ ਹੀ ਪੂਰੀ ਕੀਤੀ ਜਾਂਦੀ ਹੈ। ਹਸਪਤਾਲ ਵੀ ਉੱਥੇ ਖੁੱਲ੍ਹੇ ਹਨ, ਜਿੱਥੇ ਪੈਸੇ ਵਾਲੀ ਅਸਾਮੀਆਂ ਹੋਣ। ਸਨਅਤੀ ਸਹਿਰ ਲੁਧਿਆਣਾ ਵਿੱਚ ਡਾਕਟਰਾਂ ਦੀ ਕਾਫੀ ਭਰਮਾਰ ਹੈ। ਕਲੀਨਿਕਾਂ ਵਾਲੇ ਡਾਕਟਰ ਵੀ ਮੋਟੀ ਕਮਾਈ ਕਰਦੇ ਹਨ। ਮੁਫ਼ਤ ਮੈਡੀਕਲ ਕੈਂਪ ਡਾਕਟਰਾਂ ਨੇ ਸ਼ੋਸ਼ਾ ਬਣਾਇਆ ਹੋਇਆ ਹੈ। ਇਹ ਕੈਂਪ ਕਿਸੇ ਕਲੱਬ ਜਾਂ ਸੁਸਾਇਟੀ ਦੇ ਸਹਿਯੋਗ ਨਾਲ ਘੰਟਾ ਜਾਂ ਦੋ ਘੰਟੇ ਲਾਇਆ ਜਾਂਦਾ ਹੈ। ਇਸ ਮੈਡੀਕਲ ਕੈਂਪ ਦਾ ਫਾਇਦਾ ਇਹ ਹੁੰਦਾ ਹੈ ਕਿ ਇਸ ਵਿੱਚ ਡਾਕਟਰ ਦੇ ਨਾਂਅ ਦਾ ਪ੍ਰਚਾਰ ਹੁੰਦਾ ਹੈ। ਅਖਬਾਰਾਂ ਵਿਚ ਵਧਾ-ਚੜ੍ਹਾ ਕੇ ਅਤੇ ਰਿਪੋਰਟ ਲਾਈ ਜਾਂਦੀ ਹੈ। ਨਾਲੇ ਪੁੰਨ ਨਾਲੇ ਫਲੀਆਂ ਵਾਲੀ ਕਹਾਵਤ ਡਾਕਟਰਾਂ ਦੀ ਸਹੀ ਦਿਸ਼ਾ ਦਰਸਾਉਂਦੀ ਹੈ। ਪਰ ਸਾਰੇ ਡਾਕਟਰ ਇੱਕੋ ਜਿਹੇ ਨਹੀਂ ਹੁੰਦੇ। ਬਹੁਤ ਸਾਰੇ ਡਾਕਟਰ ਚੰਗੇ ਵੀ ਹੁੰਦੇ ਹਨ। ਇਹ ਮੈਡੀਕਲ ਕੈਂਪ ਨਿਰਸੁਆਰਥ ਜਾਰੀ ਰਹਿਣੇ ਚਾਹੀਦੇ ਹਨ।

-ਡਾਕਟਰ ਨਰਿੰਦਰ ਭੱਪਰ ਸ਼ਬੇਲਵਾਲੀ, 6284145349

ਰੁਜ਼ਗਾਰ ਸਿਰਜਣ ਸਕੀਮਾਂ ਬੇਰੁਜ਼ਗਾਰੀ ਦਾ ਹੱਲ ਪੇਸ਼ ਨਹੀਂ ਕਰਦੀਆਂ

ਹਰਭਜਨ ਸਿੰਘ

ਦੇਸ਼ ਸਾਹਮਣੇ ਬੇਰੁਜ਼ਗਾਰੀ ਇੱਕ ਗੰਭੀਰ ਮੁੱਦਾ ਹੈ। ਇਸ ਵੇਲੇ ਬੇਰੁਜ਼ਗਾਰੀ ਦੀ ਦਰ 9.22 ਪ੍ਰਤੀਸ਼ਤ ਹੈ। ਜਿਹੜੇ ਵਿਅਕਤੀਆਂ ਨੂੰ ਕੋਈ ਨਾ ਕੋਈ ਕੰਮ ਮਿਲਿਆ ਹੋਇਆ ਹੈ, ਜਿਸ ਨੂੰ ਬੇਰੁਜ਼ਗਾਰੀ ਵਿੱਚ ਨਹੀਂ ਦਰਸਾਇਆ ਜਾਂਦਾ, ਉਨ੍ਹਾਂ ਵਿੱਚੋਂ 57.3 ਪ੍ਰਤੀਸ਼ਤ ਸਵੈਰੁਜ਼ਗਾਰ ਵਾਲੇ ਹਨ। ਬਿਨਾਂ ਤਨਖਾਹ ਘਰੇਲੂ ਕਾਮਿਆਂ ਦੀ ਗਿਣਤੀ 18.3 ਪ੍ਰਤੀਸ਼ਤ ਹੈ। ਖੇਤੀਬਾੜੀ ਦੇ ਧੰਦੇ ਉੱਪਰ ਕੰਮ ਕਰਨ ਵਾਲਿਆਂ ਦੀ ਗਿਣਤੀ 45 ਪ੍ਰਤੀਸ਼ਤ ਹੈ, ਜੋ ਛੁਪੀ ਹੋਈ ਬੇਰੁਜ਼ਗਾਰੀ ਹੈ। ਸੀ ਐੱਮ ਆਈ ਈ ਦੀ ਤਾਜ਼ਾ ਰਿਪੋਰਟ ਅਨੁਸਾਰ ਬੇਰੁਜ਼ਗਾਰੀ ਦੀ ਕੁੱਲ ਗਿਣਤੀ ਵਿੱਚੋਂ 45 ਪ੍ਰਤੀਸ਼ਤ ਨੌਜਵਾਨ ਬੇਰੁਜ਼ਗਾਰ ਹਨ। ਬੇਰੁਜ਼ਗਾਰੀ ਦੀ ਉੱਚੀ ਦਰ ਨਾਲ ਇਹ ਵੀ ਇੱਕ ਸਮੱਸਿਆ ਹੈ ਕਿ ਜੋ ਥੋੜ੍ਹਾ-ਬਹੁਤਾ ਰੁਜ਼ਗਾਰ ਦਿੱਤਾ ਵੀ ਜਾਂਦਾ ਹੈ, ਉਸ ਵਿੱਚ ਚੰਗੀ ਨੌਕਰੀ (Good Job) ਨਹੀਂ ਦਿੱਤੀ ਜਾ ਰਹੀ। ਭਾਵ ਨੌਕਰੀ ਸੁਰੱਖਿਆ, ਚੰਗੀ ਤਨਖਾਹ, ਪੈਨਸ਼ਨਰੀ ਲਾਭ ਤੋਂ ਵਿਹੂਣੀ ਹੁੰਦੀ ਹੈ।

ਨੌਜਵਾਨਾਂ ਸਾਹਮਣੇ ਸਭ ਤੋਂ ਵੱਡਾ ਮੁੱਦਾ ਰੁਜ਼ਗਾਰ ਦਾ ਹੈ। ਲੋਕ ਸਭਾ ਚੋਣਾਂ ਵਿੱਚ ਬੇਰੁਜ਼ਗਾਰੀ ਦਾ ਮੁੱਦਾ ਪ੍ਰਮੁੱਖ ਮੁੱਦਾ ਰਿਹਾ ਹੈ। ਇਸ ਮੁੱਦੇ ਉੱਪਰ ਭਰਵੀਂ ਬਹਿਸ ਹੁੰਦੀ ਰਹੀ ਹੈ। ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਵਿੱਚ ਵੀ ਇਸ ਨੇ ਭੂਮਿਕਾ ਨਿਭਾਈ ਹੈ।

ਬੇਰੁਜ਼ਗਾਰੀ ਇੱਕ ਗੰਭੀਰ ਅਤੇ ਦੇਸ਼ ਲਈ ਚੁਣੌਤੀਪੂਰਨ ਮੁੱਦੇ ਦੇ ਕਾਰਨ ਨੌਜਵਾਨ ਅਤੇ ਦੇਸ਼ ਦੇ ਲੋਕ ਆਸ ਕਰਦੇ ਸਨ ਕਿ ਸਾਲ 2024-25 ਦੇ ਬਜਟ ਵਿੱਚ ਬੇਰੁਜ਼ਗਾਰੀ ਦੂਰ ਕਰਨ ਸੰਬੰਧੀ ਸਰਕਾਰ ਕੋਈ ਯੋਜਨਾ, ਕੋਈ ਠੋਸ ਉਪਾਅ ਜ਼ਰੂਰ ਲੈ ਕੇ ਆਵੇਗੀ। ਵਿੱਤ ਮੰਤਰੀ ਨੇ ਬਜਟ ਵਿੱਚ ਪ੍ਰਧਾਨ ਮੰਤਰੀ ਦੇ ਪੈਕੇਜ ਅਧੀਨ 5 ਰੁਜ਼ਗਾਰ ਲਿੰਕਡ ਇੰਨਸੈਂਟਿਵ ਸਕੀਮਾਂ ਦਾ ਐਲਾਨ ਕੀਤਾ ਹੈ। ਸਰਕਾਰ ਦਾ ਦਾਅਵਾ ਹੈ ਕਿ 4 ਕਰੋੜ 10 ਲੱਖ ਬੇਰੁਜ਼ਗਾਰ ਨੌਜਵਾਨਾਂ ਨੂੰ ਇਸ ਦਾ ਲਾਭ ਹੋਵੇਗਾ। ਸਰਕਾਰ ਦੇ ਦਾਅਵੇ ਖੋਖਲੇ ਅਤੇ ਨੌਜਵਾਨਾਂ ਨਾਲ ਛਲ ਕਰਨ ਦੇ ਸਮਾਨ ਹਨ।

ਇਨ੍ਹਾਂ ਸਕੀਮਾਂ ਰਾਹੀਂ ਬੇਰੁਜ਼ਗਾਰੀ ਦੇ ਨਾਂਅ ਉਪਰ ਇਹ ਬਜਟ ਕਾਰਪੋਰੇਟਾਂ ਨੂੰ ਜਨਤਕ ਫੰਡ ਬਹੁਤ ਹੀ ਉਦਾਰਤਾ ਨਾਲ ਦਿੰਦਾ ਦਿਖਾਈ ਦੇ ਰਿਹਾ ਹੈ। ਇਨ੍ਹਾਂ ਸਕੀਮਾਂ ਰਾਹੀਂ ਰੁਜ਼ਗਾਰ ਦੀ ਸਿਰਜਣਾ ਨੂੰ ਕਾਗਜ਼ਾਂ 'ਚ ਝੂਠੀ-ਮੂਠੀ ਦਿਖਾ ਕੇ ਰੁਜ਼ਗਾਰ ਵਾਧੇ ਦਾ ਢਕੌਂਜ ਰਚਾਇਆ ਜਾਵੇਗਾ। ਇਨ੍ਹਾਂ ਸਕੀਮਾਂ ਰਾਹੀਂ ਪੱਕਾ ਰੁਜ਼ਗਾਰ ਨਹੀਂ ਦਿੱਤਾ ਜਾਣਾ। ਇਨ੍ਹਾਂ ਸਕੀਮਾਂ ਦੀ ਸਥਿਤੀ "ਖੋਦਿਆ ਪਹਾੜ ਨਿਕਲਿਆ ਚੂਹਾ" ਦੇ ਸਮਾਨ ਹੈ। ਆਓ ਇਨ੍ਹਾਂ ਸਕੀਮਾਂ ਦਾ ਸੱਚ ਜਾਣੀਏ।

ਸਕੀਮ ਏ-ਪਹਿਲੀ ਵਾਰ ਰੁਜ਼ਗਾਰ 'ਚ ਸ਼ਾਮਲ ਹੋਣ ਵਾਲੇ : ਜੇਕਰ ਕੋਈ ਰੁਜ਼ਗਾਰਦਾਤਾ ਕਿਸੇ ਨਵੇਂ ਕਰਮਚਾਰੀ ਨੂੰ ਭਰਤੀ ਕਰਦਾ ਹੈ ਜਾਂ ਕਿਸੇ ਗੈਰ-ਸੂਚੀਬੱਧ ਕਰਮਚਾਰੀ ਨੂੰ ਈ ਪੀ ਐੱਫ ਓ ਵਿੱਚ ਸ਼ਾਮਲ ਕਰਦਾ ਹੈ ਤਾਂ ਸਰਕਾਰ ਕਰਮਚਾਰੀ ਦੀ ਇੱਕ ਮਹੀਨੇ ਦੀ ਤਨਖਾਹ ਵੱਧ ਤੋਂ ਵੱਧ

15000 ਰੁਪਏ ਦੀ ਸੀਮਾ ਤੱਕ 5 ਹਜ਼ਾਰ ਰੁਪਏ ਦੀਆਂ ਤਿੰਨ ਕਿਸ਼ਤਾਂ ਵਿੱਚ ਅਦਾ ਕਰੇਗੀ। ਸਰਕਾਰ ਦਾ ਦਾਅਵਾ ਹੈ ਕਿ ਇਸ ਸਕੀਮ ਤੋਂ 2 ਕਰੋੜ 10 ਲੱਖ ਨੌਜਵਾਨ ਲਾਭ ਹਾਸਲ ਕਰਨਗੇ, ਪਰ ਇਸ ਸਕੀਮ ਦਾ ਸਿੱਧਾ ਮਤਲਬ ਇਹ ਹੈ ਕਿ ਮਾਲਕ ਵੱਲੋਂ ਕਾਮੇ ਨੂੰ ਭੁਗਤਾਨਯੋਗ ਉਜਰਤ ਹਿੱਸੇ ਦਾ 12ਵਾਂ ਹਿੱਸਾ ਸਿੱਧੇ ਤੌਰ 'ਤੇ ਸਰਕਾਰ ਮਾਲਕ ਨੂੰ ਦੇਣ ਜਾ ਰਹੀ ਹੈ।

ਸਕੀਮ-ਬੀ-ਨਿਰਮਾਣ ਖੇਤਰ 'ਚ ਰੁਜ਼ਗਾਰ ਸਿਰਜਣਾ : ਨਿਰਮਾਣ ਖੇਤਰ ਵਾਲੀਆਂ ਕੰਪਨੀਆਂ ਜਿਹੜੀਆਂ ਨਵੇਂ ਕਰਮਚਾਰੀਆਂ ਨੂੰ ਰੱਖਣਗੀਆਂ, ਸਰਕਾਰ 2 ਸਾਲ ਤੱਕ ਨਵੇਂ ਰੱਖੇ ਕਾਮਿਆਂ ਦਾ 3000 ਰੁਪਏ ਤੱਕ ਪ੍ਰਤੀ ਮਹੀਨਾ ਰੁਜ਼ਗਾਰਦਾਤਾ ਦੇ ਹਿੱਸੇ ਦਾ ਈ ਪੀ ਐੱਫ ਓ ਦਾ ਯੋਗਦਾਨ ਦੇਵੇਗੀ। ਇਸ ਦਾ ਸਪੱਸ਼ਟ ਅਰਥ ਹੈ ਕਿ ਸਰਕਾਰ ਸਰਕਾਰੀ ਖਜ਼ਾਨੇ ਵਿੱਚ ਮਜ਼ਦੂਰੀ ਦੇ ਹਿੱਸੇ ਦਾ 33.33 ਪ੍ਰਤੀਸ਼ਤ ਤੱਕ ਮਾਲਕਾਂ ਨੂੰ ਸਬਸਿਡੀ ਦੇਵੇਗੀ। ਕੰਪਨੀਆਂ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਹਰ ਸਾਲ ਨਵੇਂ ਕਰਮਚਾਰੀਆਂ ਨੂੰ ਭਰਤੀ ਕਰਨਾ ਪਵੇਗਾ ਅਤੇ ਪਹਿਲੇ ਭਰਤੀ ਕੀਤੇ ਕਾਮਿਆਂ ਨੂੰ 2 ਸਾਲ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਬਾਹਰ ਕੱਢ ਦਿੱਤਾ ਜਾਵੇਗਾ। ਉਂਜ ਸਰਕਾਰ ਦਾ ਦਾਅਵਾ ਜ਼ਰੂਰ ਹੈ ਕਿ ਇਸ ਸਕੀਮ ਰਾਹੀਂ 50 ਲੱਖ ਨੌਕਰੀਆਂ ਦੀ ਸਿਰਜਨਾ ਹੋਵੇਗੀ।

ਸਕੀਮ ਸੀ-ਰੁਜ਼ਗਾਰ ਦਾਤਾ ਦੀ ਸਹਾਇਤਾ : ਇਸ ਸਕੀਮ ਰਾਹੀਂ ਵੀ ਪਹਿਲੀ ਵਾਰ ਨੌਕਰੀ ਪ੍ਰਾਪਤ ਕਰਨ ਵਾਲਿਆਂ ਦਾ ਪਹਿਲੇ 4 ਸਾਲ ਲਈ ਕਾਮੇ ਅਤੇ ਰੁਜ਼ਗਾਰਦਾਤਾ ਦਾ ਈ ਪੀ ਐੱਫ ਓ ਦਾ ਯੋਗਦਾਨ ਸਰਕਾਰ ਦੇਵੇਗੀ। ਸਰਕਾਰ ਦਾ ਦਾਅਵਾ ਹੈ 30 ਲੱਖ ਨੌਜਵਾਨ ਇਸ ਸਕੀਮ ਤੋਂ ਲਾਭ ਲੈਣਗੇ।

**ਸਕੀਮ ਹੁਨ

10-AUG-PAGE-5.qxd 8/9/2024 9:31 PM Page 1

ਟਰੇਡ ਤੇ ਕਿਸਾਨ ਯੂਨੀਅਨਾਂ ਨੇ ਕਾਰਪੋਰੇਟ ਘਰਾਣਿਆਂ ਦੀ ਅਰਥੀ ਫੂਕੀ

ਮਾਨਸਾ (ਆਤਮਾ ਸਿੰਘ ਪਮਾਰ)

ਸ਼ਹਿਰ ਦੀਆਂ ਵੱਖ ਵੱਖ ਟਰੇਡ ਤੇ ਕਿਸਾਨ ਯੂਨੀਅਨਾਂ ਵੱਲੋਂ 'ਕਾਰਪੋਰੇਟ ਭਜਾਓ ਦੇਸ਼ ਬਚਾਓ' ਦੇ ਸੱਦੇ ਤਹਿਤ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਬੁੱਤ ਨੇੜੇ ਕਾਰਪੋਰੇਟ ਘਰਾਣਿਆਂ ਦੀ ਅਰਥੀ ਫੂਕੀ ਗਈ।ਇਸ ਸਮੇਂ ਜੁੜੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸੁਰਿੰਦਰ ਪਾਲ ਸ਼ਰਮਾ ਨੇ ਕਿਹਾ ਕਿ ਅਗਸਤ 1942 ਨੂੰ ਅਜ਼ਾਦੀ ਘੁਲਾਟੀਆਂ ਨੇ ਅੰਗਰੇਜ਼ੋ ਭਾਰਤ ਛੱਡੋ ਦਾ ਨਾਅਰਾ ਦਿੱਤਾ ਸੀ।ਅੱਜ ਅਸੀਂ 9 ਅਗਸਤ 2024 ਨੂੰ ਕਾਰਪੋਰੇਟ ਭਜਾਓ ਦੇਸ਼ ਬਚਾਓ ਖੇਤੀ ਤੇ ਉਦਯੋਗ ਬਚਾਓ ਡਬਲਯੂ ਟੀ ਓ ਤੋਂ ਬਾਹਰ ਆਓ ਦਾ ਸੱਦਾ ਦੇ ਰਹੇ ਹਾਂ। ਕਾਮਰੇਡ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਦਲਾਲ ਬਣ ਚੁੱਕੀ ਹੈ, ਜੋ ਕਿ ਦੇਸ਼ ਦੇ ਸਾਰੇ ਪੈਦਾਵਾਰੀ ਸਾਧਨਾਂ 'ਤੇ ਕਬਜ਼ਾ ਕਰਵਾ ਰਹੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਨੇ ਕਿਹਾ ਕਿ ਮੌਜੂਦਾ ਬਜਟ ਵਿੱਚ ਖੇਤੀ ਉਪਰ ਨਿਰਭਰ ਪੰਜਾਹ ਪ੍ਰਤੀਸ਼ਤ ਅਬਾਦੀ ਲਈ ਤਿੰਨ ਪੁਆਇੰਟ ਦੋ ਪ੍ਰਤੀਸ਼ਤ ਬਜਟ ਰੱਖ ਕੇ ਖੇਤੀ ਨੂੰ ਪ੍ਰਾਈਵੇਟ ਸੈਕਟਰ ਵੱਲ ਧੱਕਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਤਹਿਤ ਸੰਯੁਕਤ ਕਿਸਾਨ ਮੋਰਚੇ ਨੇ ਦੇਸ਼ ਦੀਆਂ ਵੱਖ ਵੱਖ ਯੂਨੀਅਨਾਂ ਨਾਲ ਮਿਲ ਕੇ ਅੱਜ ਦਾ ਇਹ ਸੱਦਾ ਦਿੱਤਾ ਗਿਆ ਹੈ।ਉਨ੍ਹਾਂ ਸੀ ਟੂ ਫਿਫਟੀ ਪ੍ਰਤੀਸ਼ਤ ਫਾਰਮੂਲੇ ਤਹਿਤ ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ ਸਮੇਤ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਤੇ ਰਹਿੰਦੀਆਂ ਮੰਗਾਂ ਦੀ ਪੂਰਤੀ ਲਈ ਲੜਾਈ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਧਰਨੇ ਨੂੰ ਏਕਟੂ ਏਟਕ ਤੇ ਸੀ ਟੀ ਯੂ ਪੰਜਾਬ ਦੇ ਨੁਮਾਇੰਦਿਆਂ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਕੁਲਵਿੰਦਰ ਉੱਡਤ, ਮੱਖਣ ਸਿੰਘ ਭੈਣੀ ਬਾਘਾ, ਪੈਨਸ਼ਨਰਜ਼ ਐਸੋਸੀਏਸ਼ਨ ਦੇ ਪਾਵਰਕਾਮ ਦੇ ਮਨਿੰਦਰ ਸਿੰਘ ਜਵਾਹਰਕੇ, ਰਾਮ ਕੁਮਾਰ ਸ਼ਰਮਾ, ਬਲਵਿੰਦਰ ਸਿੰਘ ਘਰਾਂਗਣਾ, ਗੁਰਸੇਵਕ ਮਾਨ, ਰਤਨ ਭੋਲਾ, ਕ੍ਰਿਸ਼ਨਾ ਕੌਰ, ਗਗਨਦੀਪ ਸਿਰਸੀਵਾਲਾ, ਹਰਮਨ ਕੌਰ ਮਾਨਸਾ, ਹਰਮੀਤ ਸਿੰਘ, ਮੇਜ਼ਰ ਸਿੰਘ ਦਰੀਆਪੁਰ, ਗੋਰਾ ਲਾਲ ਅਤਲਾ, ਮਨਜੀਤ ਸੋਢੀ, ਸੁਖਚਰਨ ਦਾਨੇਵਾਲੀਆ ਨੇ ਵੀ ਸੰਬੋਧਨ ਕੀਤਾ।

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ) : ਸੰਯੁਕਤ ਕਿਸਾਨ ਮੋਰਚਾ ਭਾਰਤ ਵੱਲੋਂ ਕਾਰਪੋਰੇਟਾਂ ਖਿਲਾਫ਼ ਅੰਦੋਲਨ ਵਿੱਢਿਆ ਹੋਇਆ ਹੈ, ਜਿਸ ਦਾ ਨਾਅਰਾ ਹੈ 'ਕਾਰਪੋਰੇਟ ਭਜਾਉ ਦੇਸ ਬਚਾਓ'। ਇਸੇ ਕੜੀ ਤਹਿਤ ਸੰਯੁਕਤ ਕਿਸਾਨ ਮੋਰਚਾ ਭਾਰਤ ਵੱਲੋਂ ਕਾਲ ਦਿੱਤੀ ਗਈ ਸੀ, ਜਿਸ ਨੂੰ ਲਾਗੂ ਕਰਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਜ਼ਿਲ੍ਹਾ ਫ਼ਰੀਦਕੋਟ ਵੱਲੋਂ ਰਿਲਾਇੰਸ ਦੇ ਸਮਰਾਟ ਬਜ਼ਾਰ ਅੱਗੇ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਭੁਪਿੰਦਰ ਸਿੰਘ ਔਲਖ ਜ਼ਿਲ੍ਹਾ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਕਾਮਰੇਡ ਦਲੀਪ ਸਿੰਘ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੁਖਦੇਵ ਸਿੰਘ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਲਖਵੀਰ ਸਿੰਘ ਸੋਖੋ ਜ਼ਿਲ੍ਹਾ ਖ਼ਜ਼ਾਨਚੀ, ਸੁਖਦੇਵ ਸਿੰਘ ਬੱਬੀ ਬਰਾੜ ਜ਼ਿਲ੍ਹਾ ਜੁਆਇੰਟ ਸਕੱਤਰ, ਬਲਵਿੰਦਰ ਸਿੰਘ ਧੂੜਕੋਟ ਜ਼ਿਲ੍ਹਾ ਪ੍ਰਚਾਰ ਸਕੱਤਰ, ਗੁਰਪ੍ਰੀਤ ਸਿੰਘ ਜ਼ਿਲ੍ਹਾ ਯੂਥ ਪ੍ਰਧਾਨ ਫ਼ਰੀਦਕੋਟ, ਪਰਮਪ੍ਰੀਤ ਸਿੰਘ ਜਰਨਲ ਸਕੱਤਰ ਜ਼ਿਲ੍ਹਾ ਯੂਥ ਵਿੰਗ ਫ਼ਰੀਦਕੋਟ, ਜਸਵੀਰ ਸਿੰਘ ਗਿੱਲ ਬਲਾਕ ਪ੍ਰਧਾਨ ਫ਼ਰੀਦਕੋਟ, ਭੁਪਿੰਦਰ ਸਿੰਘ ਕੋਠੇ ਮਹਿਲੜ ਬਲਾਕ ਪ੍ਰਧਾਨ ਜੈਤੋ, ਨਛੱਤਰ ਸਿੰਘ ਕੋਟਸੁਖੀਆ ਬਲਾਕ ਪ੍ਰਧਾਨ ਕੋਟਕਪੂਰਾ ਅਮਨਦੀਪ ਸਿੰਘ ਜਨਰਲ ਸਕੱਤਰ ਬਲਾਕ ਫ਼ਰੀਦਕੋਟ ਆਦਿ ਆਗੂਆਂ ਵੱਲੋਂ ਇੱਕ ਘੰਟਾ ਗਿਆਰਾਂ ਵਜੇ ਤੋਂ ਬਾਰਾਂ ਵਜੇ ਤੱਕ ਨਾਅਰੇਬਾਜ਼ੀ ਕਰਕੇ ਪ੍ਰਦਰਸ਼ਨ ਕੀਤਾ ਗਿਆ ਅਤੇ ਕਾਰਪੋਰੇਟ ਦਾ ਪੁਤਲਾ ਫੂਕਿਆ ਗਿਆ।

ਵੱਖ-ਵੱਖ ਆਗੂਆਂ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਨੂੰ ਭਾਰਤ ਵਿੱਚੋਂ ਚੱਲਦਾ ਕਰਨ ਲਈ ਜੋ ਵੀ ਸੰਘਰਸ਼ ਕਰਨਾ ਪਿਆ ਕਰਾਂਗੇ ਤੇ ਸੰਯੁਕਤ ਕਿਸਾਨ ਮੋਰਚਾ ਭਾਰਤ ਵੱਲੋਂ ਦੇਸ ਦੀ ਸੱਤਾ 'ਚੋਂ ਬਾਹਰ ਕਰਨ ਲਈ ਹਰ ਯਤਨ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ 'ਚ ਪਹੁੰਚੇ ਕਿਸਾਨ ਆਗੂ, ਜਿਨ੍ਹਾਂ ਵਿੱਚ ਸ਼ਮਸ਼ੇਰ ਸਿੰਘ ਸੰਧੂ ਸੀਨੀਅਰ ਮੀਤ ਪ੍ਰਧਾਨ ਬਲਾਕ ਫ਼ਰੀਦਕੋਟ, ਅਮਰਜੀਤ ਸਿੰਘ ਵਾਲੀਆ ਮੀਤ ਪ੍ਰਧਾਨ ਬਲਾਕ ਫ਼ਰੀਦਕੋਟ, ਇਕਾਈ ਪ੍ਰਧਾਨ ਲਾਭ ਸਿੰਘ ਸੰਧੂ, ਇਕਾਈ ਪ੍ਰਧਾਨ ਬਾਬੂ ਸਿੰਘ, ਪਾਲ ਸਿੰਘ ਪੱਕਾ ਸੀਨੀਅਰ ਮੀਤ ਪ੍ਰਧਾਨ, ਜਸਕਰਨ ਸਿੰਘ ਇਕਾਈ ਪ੍ਰਧਾਨ ਨੱਥੇਵਾਲਾ, ਕੁਲਵੰਤ ਰਾਜ ਸਰਮਾ, ਰੂਪ ਸਿੰਘ ਇਕਾਈ ਪ੍ਰਧਾਨ ਮਚਾਕੀ ਮੱਲ ਸਿੰਘ, ਹਰਪਾਲ ਸਿੰਘ ਮਚਾਕੀ, ਰਣਧੀਰ ਸਿੰਘ ਫ਼ਰੀਦਕੋਟ, ਮਦਨ ਲਾਲ ਸਮਾਜ ਸੇਵੀ ਫ਼ਰੀਦਕੋਟ, ਜਗਸੀਰ ਸਿੰਘ ਪੱਕਾ, ਕੁਲਦੀਪ ਸਿੰਘ ਜਨਰਲ ਸਕੱਤਰ ਇਕਾਈ ਪਿੰਡ ਚੈਨਾ, ਹਰਮੀਤ ਸਿੰਘ ਚੈਨਾ ਤੇ ਦਿਆਲ ਸਿੰਘ ਆਦਿ ਆਗੂ ਹਾਜ਼ਰ ਸਨ।

ਸ਼ਿਕਾਇਤਾਂ ਦਾ ਨਿਪਟਾਰਾ ਨਾ ਹੋਣ 'ਤੇ ਸਰਕਾਰ ਦਾ ਪਿੱਟ ਸਿਆਪਾ

ਮਨਰੇਗਾ ਮਜ਼ਦੂਰਾਂ ਵੱਲੋਂ ਬੀ ਡੀ ਪੀ ਓ ਦਫਤਰ ਅੱਗੇ ਧਰਨਾ ਜਾਰੀ

ਨਾਭਾ (ਵਰਿੰਦਰ ਵਰਮਾ)-ਮਨਰੇਗਾ ਮਜ਼ਦੂਰਾਂ ਨੇ ਸਥਾਨਕ ਬੌੜਾਂ ਗੇਟ ਚੌਕ ਤੋਂ ਬੱਸ ਅੱਡੇ ਵੱਲ ਇੱਕ ਲੰਮੀ ਕਤਾਰ 'ਚ ਖੜੇ ਹੋ ਕੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਦਿਆਂ ਨਾਅਰੇਬਾਜ਼ੀ ਕੀਤੀ।ਲੜੀ ਵਾਰ ਖੜੇ ਮਜ਼ਦੂਰਾਂ ਨੇ ਲੰਮੀਆਂ ਫਲੈਕਸਾਂ ਫੜੀਆਂ ਹੋਇਆਂ ਸਨ, ਜਿਨ੍ਹਾਂ ਉੱਪਰ ਮੁੱਖ ਮੰਤਰੀ ਭਗਵੰਤ ਮਾਨ ਦੀ ਤਸਵੀਰ ਲੱਗੀ ਸੀ, ਜਿਹੜੀ ਕਿ ਆਉਂਦੇ-ਜਾਂਦੇ ਰਾਹਗੀਰਾਂ ਲਈ ਖਿੱਚ ਤੇ ਜਗਿਆਸਾ ਦਾ ਕਾਰਨ ਬਣ ਰਹੀ ਸੀ ਤੇ ਉਨ੍ਹਾਂ ਦੀ ਫਲੈਕਸ ਪੜ੍ਹਨ ਲਈ ਟ੍ਰੈਫ਼ਿਕ ਹੌਲੀ ਹੋ ਲੰਘ ਰਿਹਾ ਸੀ। ਜ਼ਿਕਰਯੋਗ ਹੈ ਕਿ ਪਿਛਲੇ 10 ਦਿਨਾਂ ਤੋਂ ਮਨਰੇਗਾ ਮਜ਼ਦੂਰ ਬੀਡੀਪੀਓ ਦਫਤਰ ਪੱਕੇ ਧਰਨੇ 'ਤੇ ਬੈਠੇ ਹਨ, ਪਰ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਨਾ ਹੋਇਆ ਤਾਂ ਅੱਜ ਡੈਮੋਕ੍ਰੇਟਿਕ ਮਨਰੇਗਾ ਫ਼ਰੰਟ ਦੀ ਅਗਵਾਈ ਵਿੱਚ ਮਜ਼ਦੂਰ ਨਿਕਲ ਕੇ ਸੜਕ 'ਤੇ ਆ ਗਏ।ਨਾਅਰੇ ਤੇ ਫਲੈਕਸ ਰਾਹੀਂ ਮਜ਼ਦੂਰ ਮੁੱਖ ਮੰਤਰੀ ਨੂੰ ਸਵਾਲ ਕਰ ਰਹੇ ਸੀ ਕਿ ਜੇਕਰ ਕਥਿਤ ਧੱਕੇਸ਼ਾਹੀ ਤੇ ਭ੍ਰਿਸ਼ਟਾਚਾਰ ਵਿੱਚ ਉਨ੍ਹਾਂ ਵੱਲੋਂ ਸਮਰਥਨ ਨਹੀਂ ਤਾਂ ਉਹ ਦੋਸ਼ੀਆਂ ਖਿਲਾਫ ਕਾਰਵਾਈ ਢਿੱਲੀ ਕਿਉਂ ਹੈ? ਫ਼ਰੰਟ ਦੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਰਾਮਗੜ੍ਹ ਨੇ ਦੱਸਿਆ ਕਿ ਕਾਨੂੰਨ ਮੁਤਾਬਕ ਬੀਡੀਪੀਓ ਨੇ 7 ਦਿਨ ਅੰਦਰ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ਹੁੰਦਾ ਹੈ, ਪਰ ਇਥੇ ਮਹੀਨਿਆਂ ਤੋਂ ਸਬੂਤ ਸਮੇਤ ਦਿੱਤੀਆਂ ਸ਼ਿਕਾਇਤਾਂ 'ਤੇ ਤਾਂ ਕਾਰਵਾਈ ਨਹੀਂ ਹੁੰਦੀ, ਬਲਕਿ ਜਿੱਥੇ ਕਿਤੇ ਕੋਈ ਨਿਯਮਾਂ ਦੀ ਪਾਲਣਾ 'ਤੇ ਜ਼ੋਰ ਦਿੰਦਾ ਹੈ, ਉਸ ਉੱਪਰ ਝੂਠੇ ਦੋਸ਼ ਲਗਾ ਕੇ ਤੁਰੰਤ ਕਾਰਵਾਈ ਕਰ ਦਿੱਤੀ ਜਾਂਦੀ ਹੈ।ਇਸ ਮੌਕੇ ਮਜ਼ਦੂਰ ਆਗੂਆਂ ਨੇ ਦੱਸਿਆ ਕਿ ਕਿਵੇਂ ਲਿਖਤੀ ਕੰਮ ਮੰਗਣ ਵਾਲਿਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਤੇ ਬੇਰੁਜ਼ਗਾਰੀ ਭੱਤੇ ਤੋਂ ਬਚਣ ਲਈ ਉਨ੍ਹਾਂ ਦੀ ਮੰਗ ਆਨਲਾਈਨ ਨਹੀਂ ਕੀਤੀ ਜਾਂਦੀ। ਇਸ ਮੌਕੇ ਜ਼ਿਲ੍ਹਾ ਸਕੱਤਰ ਰਮਨਜੋਤ ਕੌਰ ਬਾਬਰਪੁਰ, ਬਲਾਕ ਪ੍ਰਧਾਨ ਕੁਲਵੰਤ ਕੌਰ ਬੂਹੀ, ਸੁਖਵਿੰਦਰ ਕੌਰ ਨੌਹਰਾ, ਜਸਪ੍ਰੀਤ ਕੌਰ ਲੋਪੇ ਨੇ ਕਿਹਾ ਕਿ ਸੜਕ ਦੇ ਕਿਨਾਰੇ ਵੱਡੀ ਗਿਣਤੀ ਖੜੇ ਮਜ਼ਦੂਰ ਸੜਕ ਵੀ ਜਾਮ ਕਰ ਸਕਦੇ ਸੀ, ਪਰ ਉਹ ਲੋਕਾਂ ਨੂੰ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦੇ।ਉਨ੍ਹਾਂ ਕਿਹਾ ਕਿ ਬੀਡੀਪੀਓ ਦਫਤਰ ਪੱਕਾ ਧਰਨਾ ਜਾਰੀ ਰਹੇਗਾ ਤੇ ਹਰ ਰੋਜ਼ ਇਲਾਕੇ ਦੇ ਦੋ ਪਿੰਡ ਉਸ ਵਿੱਚ ਆ ਕੇ ਆਪਣੇ ਪਿੰਡ ਦੀ ਲੰਬਿਤ ਸ਼ਿਕਾਇਤਾਂ ਦੇ ਨਿਪਟਾਰੇ ਦੀ ਅਪੀਲ ਕਰਦੇ ਰਹਿਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕ੍ਰਿਸ਼ਨ ਲੁਬਾਣਾ, ਰਾਣੀ ਕਾਠਮੱਠੀ, ਹਰਮੇਸ਼ ਕੌਰ, ਸਿਮਰਨ ਕੋਟ ਕਲਾਂ ਤੇ ਆਈ ਡੀ ਪੀ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਧਨੇਠਾ, ਚਮਕੌਰ ਸਿੰਘ, ਰਾਜ ਕੌਰ ਬੂਹੀ, ਕੇਵਲ ਕੋਟ, ਸੁਨੀਤਾ ਰਾਣੀ ਕੈਦੂਪੁਰ ਆਦਿ ਨੇ ਸਰਗਰਮ ਸ਼ਮੂਲੀਅਤ ਕੀਤੀ।

ਕਾਤਰਾਂ

ਮਾਤਾ ਦਾ ਸਾਲਾਨਾ ਜਾਗਰਣ 13 ਨੂੰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਸ੍ਰੀ ਦੁਰਗਾ ਸ਼ਕਤੀ ਮੰਦਰ ਕਮੇਟੀ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸਾਵਣ ਅਸ਼ਟਮੀ ਦਾ ਤਿਉਹਾਰ ਤੇ ਮਾਤਾ ਦਾ ਜਾਗਰਣ 13 ਅਗਸਤ ਨੂੰ ਤ੍ਰਿਵੈਣੀ ਚੌਕ ਵਿਖੇ ਸ਼ਰਧਾ ਨਾਲ ਮਨਾਇਆ ਜਾਵੇਗਾ। ਮੰਦਰ ਕਮੇਟੀ ਪ੍ਰਧਾਨ ਨੰਦ ਕਿਸ਼ੋਰ ਨੇ ਦੱਸਿਆ ਕਿ ਸਾਵਣ ਅਸ਼ਟਮੀ ਦੇ ਤਿਉਹਾਰ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹਨ, ਜਿੱਥੇ ਸਾਰਾ ਦਿਨ ਅਤੁੱਟ ਲੰਗਰ ਚੱਲੇਗਾ, ਉੱਥੇ ਰਾਤ ਨੂੰ ਪ੍ਰਸਿੱਧ ਗਾਇਕ ਲਵਿਸ਼ ਲਵ ਮਾਤਾ ਦੀ ਮਹਿਮਾ ਦਾ ਗੁਣਗਾਣ ਕਰਨਗੇ। ਇਸ ਮੌਕੇ ਸ਼ਿਵਚਰਨ ਸ਼ਰਮਾ, ਉਮੇਸ਼ ਸੂਈ, ਅੰਕਿਤ ਸੋਠੀ, ਮਦਨ ਲਾਲ ਬਿੱਟੂ, ਸੰਨੀ ਉਹਰੀ, ਅਸ਼ਵਨੀ ਭਾਰਦਵਾਜ, ਸੰਜੀਵ ਕੁਮਾਰ ਸੋਠੀ, ਅਸ਼ਵਨੀ ਸ਼ਰਮਾ, ਮੰਗਤ ਰਾਏ, ਰਾਜਿੰਦਰ ਵਰਮਾ, ਸੋਨੂੰ ਵਰਮਾ ਮੌਜੂਦ ਸਨ।

ਚੋਰੀ ਦਾ ਮੋਟਰਸਾਈਕਲ ਸਣੇ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਅਮੀਰ ਖਾਸ ਦੀ ਪੁਲਸ ਨੇ ਚੋਰੀ ਦੇ ਮੋਟਰਸਾਈਕਲ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਪੁਲ ਨਹਿਰ ਅਮੀਰ ਖਾਸ ਕੋਲ ਪੁੱਜੀ ਤਾਂ ਮੁਖਬਰ ਖਾਸ ਨੇ ਆ ਕੇ ਇਤਲਾਹ ਦਿੱਤੀ ਕਿ ਸੁਨੀਲ ਸਿੰਘ ਉਰਫ ਸੋਨੂੰ ਪੁੱਤਰ ਪ੍ਰੇਮ ਸਿੰਘ ਵਾਸੀ ਫਤਹਿਗੜ ਹਾਲ ਅਬਾਦ ਚੰਡੀਗੜ੍ਹ ਬਸਤੀ ਮੰਡੀ ਲਾਧੂਕਾ, ਜੋਕਿ ਮੋਟਰਸਾਈਕਲ ਚੋਰੀ ਕਰਨ ਦਾ ਆਦੀ ਹੈ ਤੇ ਅੱਜ ਵੀ ਚੋਰੀ ਕੀਤਾ ਹੋਇਆ ਮੋਟਰਸਾਈਕਲ ਵੇਚਣ ਲਈ ਪਿੰਡਾਂ ਵਿੱਚੋਂ ਹੁੰਦਾ ਹੋਇਆ ਗੁਰੂ ਹਰਸਹਾਏ ਜਾ ਰਿਹਾ ਹੈ। ਉਪਰੰਤ ਪੁਲਸ ਨੇ ਚੁਰਸਤਾ ਨੇੜੇ ਭੱਠਾ ਅਮੀਰ ਖਾਸ ਕੋਲ ਨਾਕਾਬੰਦੀ ਕੀਤੀ ਤੇ ਮੋਟਰਸਾਈਕਲ ਹੀਰੋ ਡੀਲਕਸ ਬਿਨਾਂ ਨੰਬਰੀ ਸਮੇਤ ਸੁਨੀਲ ਸਿੰਘ ਨੂੰ ਕਾਬੂ ਕਰ ਲਿਆ ਹੈ।

ਮੂਰਤੀ ਸਥਾਪਨਾ ਦਿਵਸ 23 ਨੂੰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਰਤੀਪੁਰ ਰੋਡ 'ਤੇ ਸਥਿਤ ਮਾਤਾ ਰਾਣੀ ਮੰਦਰ 'ਚ ਸ੍ਰੀ ਸ਼ਿਵ ਸਵਰੂਪ ਆਤਮਾ ਨਦੀਪਾਰ ਵਾਲੇ ਸਵਾਮੀ ਜੀ ਦਾ ਮੂਰਤੀ ਸਥਾਪਨਾ ਦਿਵਸ 23 ਅਗਸਤ ਨੂੰ ਮਨਾਇਆ ਜਾਵੇਗਾ। ਪ੍ਰਬੰਧਕ ਸ਼ਿਵਚਰਨ ਸ਼ਰਮਾ ਨੇ ਦੱਸਿਆ ਕਿ 22 ਅਗਸਤ ਨੂੰ ਸ੍ਰੀ ਰਾਮਾਇਣ ਜੀ ਦੇ ਪਾਠ ਰੱਖੇ ਜਾਣਗੇ, ਜਿਨ੍ਹਾਂ ਦਾ 23 ਅਗਸਤ ਨੂੰ ਭੋਗ ਪਾਇਆ ਜਾਵੇਗਾ। ਸਵੇਰ ਸਮੇਂ ਮੂਰਤੀ ਇਸ਼ਨਾਨ ਉਪਰੰਤ ਹਵਨ ਯੱਗ ਕਰਵਾਇਆ ਜਾਵੇਗਾ। ਇਸ ਮੌਕੇ ਕੌਲਾਂ ਵਾਲੇ ਟੋਬੇ ਤੋਂ ਸੰਤ ਆਤਮਾ ਰਾਮ ਜੀ ਭੂਰੀ ਵਾਲੇ, ਖੰਨਾ ਤੋਂ ਸੱਚਾਨੰਦ, ਖਰੜ ਤੋਂ ਨਿਰਮਲ ਗਿਰੀ ਆਦਿ ਸੰਤ, ਮਹਾਂਪੁਰਸ਼ ਸ਼ਿਰਕਤ ਕਰਨਗੇ।

ਮੇਲਾ ਤੀਆਂ ਦਾ ਤੇ ਮਿਸ ਪੰਜਾਬਣ ਮੁਕਾਬਲੇ ਭਲਕੇ

ਮਲੋਟ (ਗੁਰਮੀਤ ਸਿੰਘ ਮੱਕੜ)-ਇੰਡੀਅਨ ਫੋਕ ਡਾਂਸ ਅਕੈਡਮੀ ਵੱਲੋਂ ਮੇਲਾ ਤੀਆਂ ਦਾ ਅਤੇ ਮਿਸ ਪੰਜਾਬਣ ਪ੍ਰਤੀਯੋਗਤਾ 11 ਅਗਸਤ ਨੂੰ ਪੰਜਾਬ ਪੈਲੇਸ ਵਿਖੇ ਹੋਵੇਗੀ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਵਿਧਾਇਕ ਤੇ ਕੈਬਿਨਟ ਮੰਤਰੀ ਡਾ. ਬਲਜੀਤ ਕੌਰ ਅਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਬਲਾਕ ਪ੍ਰਧਾਨ ਆਪ ਬੱਬੂ ਰਾਜੀਵ, ਗੁਲਸ਼ਨ ਭਠੇਜਾ, ਡਾਇਰੈਕਟਰ ਐਡਵਰਡਗੰਜ ਕਮੇਟੀ ਸਾਧੂ ਸਿੰਘ, ਗਊ ਸੇਵਕ ਸ਼ਾਮ ਲਾਲ ਪਾਰਿਕ, ਲੀਜ਼ਾ ਬਿਊਟੀ ਸੈਲੂਨ ਅਦਿੱਤੀ ਅਰੋੜਾ, ਜਸਪ੍ਰੀਤ ਕੌਰ ਸ਼ਿਰਕਤ ਕਰਨਗੇ।

ਐੱਸ ਐੱਮ ਓ ਵੱਲੋਂ ਧਲੇਰ ਤੇ ਕੰਗਣਵਾਲ ਸਿਹਤ ਕੇਂਦਰਾਂ ਦੀ ਚੈਕਿੰਗ

ਮਾਲੇਰਕੋਟਲਾ (ਅਸਗਰ ਪਰਿਹਾਰ)-ਸਿਹਤ ਵਿਭਾਗ ਪੰਜਾਬ ਤੇ ਸਿਵਲ ਸਰਜਨ ਮਾਲੇਰਕੋਟਲਾ ਡਾ. ਪਰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਡਾ. ਜੀ. ਐੱਸ ਭਿੰਡਰ ਵੱਲੋਂ ਬਲਾਕ ਫਤਿਹਗੜ੍ਹ ਪੰਜਗਰਾਈਆਂ ਦੇ ਪਿੰਡ ਧਲੇਰ ਕਲਾਂ ਤੇ ਕੰਗਣਵਾਲ ਦੇ ਸਿਹਤ ਕੇਂਦਰਾਂ ਦਾ ਨਿਰੀਖਣ ਕੀਤਾ ਗਿਆ। ਸੀਨੀਅਰ ਮੈਡੀਕਲ ਅਫ਼ਸਰ ਵੱਲੋਂ ਇਸ ਦੌਰੇ ਦੌਰਾਨ ਸਿਹਤ ਕਰਮਚਾਰੀਆਂ ਦੀ ਹਾਜ਼ਰੀ, ਸਿਹਤ ਇਮਾਰਤਾਂ ਦੀ ਸਾਫ ਸਫਾਈ, ਰਿਕਾਰਡ ਦੀ ਸਾਂਭ ਸੰਭਾਲ, ਮਰੀਜ਼ਾਂ ਲਈ ਹੋਣ ਵਾਲੇ ਯੋਗ ਪ੍ਰਬੰਧਾਂ ਬਾਰੇ ਜਾਂਚ ਕੀਤੀ ਗਈ ਤੇ ਹਾਜ

10 August - Page - 6.qxd 8/9/2024 9:42 PM Page 1

ਕਾਰਪੋਰੇਟ ਘਰਾਣਿਆਂ ਦਾ ਪੁਤਲਾ ਫੂਕ ਕੇ ਜਥੇਬੰਦੀਆਂ ਨੇ ਵਿਰੋਧ ਪ੍ਰਗਟਾਇਆ

ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਭਾਰਤ ਨੂੰ ਆਜ਼ਾਦ ਕਰਵਾਉਣ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ 9 ਅਗਸਤ 1942 ਵਾਲੇ ਦਿਨ ਦੇਸ਼ 'ਚੋਂ ਅੰਗਰੇਜ਼ੀ ਹਕੂਮਤ ਨੂੰ ਚਲਦਾ ਕਰਨ ਲਈ ਭਾਰਤ ਛੱਡੋ ਦੇ ਨਾਅਰੇ ਹੇਠ ਜਿਸ ਤਰ੍ਹਾਂ ਆਪਣਾ ਅੰਦੋਲਨ ਤਿੱਖਾ ਕੀਤਾ ਗਿਆ ਸੀ, ਉਸੇ ਤਰਜ਼ 'ਤੇ ਜਨਤਕ ਜਥੇਬੰਦੀਆਂ ਵੱਲੋਂ ਅੱਜ ਕਾਰਪੋਰੇਟ ਘਰਾਣਿਆਂ ਦੀ ਪਿੱਠੂ ਮੌਜੂਦਾ ਕੇਂਦਰ ਸਰਕਾਰ ਨੂੰ ਸਦੀਵੀ ਤੌਰ 'ਤੇ ਚਲਦਾ ਕਰਨ ਲਈ ਕਾਰਪੋਰੇਟ ਭਜਾਓ ਦੇਸ਼ ਬਚਾਓ ਦਾ ਨਾਅਰਾ ਦੇ ਕੇ ਸੰਘਰਸ਼ ਹੋਰ ਤਿੱਖਾ ਕਰਨ ਦਾ ਐਲਾਨ ਕੀਤਾ ਗਿਆ।ਇਸ ਮੌਕੇ ਸੀਟੂ ਦੇ ਸੂਬਾਈ ਵਿੱਤ ਸਕੱਤਰ, ਸੀਪੀਆਈ (ਐੱਮ) ਦੇ ਸੂਬਾਈ ਸਕੱਤਰੇਤ ਮੈਂਬਰ ਅਤੇ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੌਜੂਦਾ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਹੱਥਠੋਕਾ ਬਣ ਕੇ ਰਹਿ ਗਈ ਹੈ।ਪ੍ਰਧਾਨ ਮੰਤਰੀ ਮੋਦੀ ਨੇ ਸਮੁੱਚੇ ਜਨਤਕ ਅਦਾਰੇ ਯਾਰੀ ਪੁਗਾਉਂਦਿਆਂ ਕਾਰਪਰੇਟ ਘਰਾਣਿਆਂ ਨੂੰ ਮੁਫਤ ਦੇ ਕੇ ਵੇਚ ਦਿੱਤੇ ਹਨ।ਗਰੀਬਾਂ, ਮਜ਼ਦੂਰਾਂ ਦੀ ਭਲਾਈ ਦੀਆਂ ਸਕੀਮਾਂ ਬੰਦ ਕਰ ਦਿੱਤੀਆਂ ਗਈਆਂ ਹਨ।ਪੇਂਡੂ ਖੇਤਰ 'ਚ ਮਨਰੇਗਾ ਅਧੀਨ ਮਿਲਣ ਵਾਲੇ ਰੋਜ਼ਗਾਰ 'ਚ ਕਟੌਤੀ ਕਰਦਿਆਂ ਵੱਡੀ ਗਿਣਤੀ ਵਿੱਚ ਫੰਡਾਂ ਦੇ ਰੋਕ ਲਗਾ ਦਿੱਤੀ ਗਈ ਹੈ।ਦੇਸ਼ ਵਿੱਚ ਮੰਹਿਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਲੁੱਟਾਂਖੋਹਾਂ, ਨਸ਼ਾਖੋਰੀ ਦਾ ਦੌਰ ਚੱਲ ਰਿਹਾ ਹੈ।ਆਗੂਆਂ ਨੇ ਦੱਸਿਆ ਕਿ 16 ਅਗਸਤ ਨੂੰ ਆਸ਼ਾ ਵਰਕਰਾਂ ਵੱਲੋਂ ਮੈਂਬਰ ਪਾਰਲੀਮੈਂਟ ਅੰਮ੍ਰਿਤਸਰ ਗੁਰਜੀਤ ਸਿੰਘ ਔਜਲਾ ਦੇ ਘਰ ਦਾ ਘਿਰਾਓ ਕਰਦਿਆਂ ਆਪਣੀਆਂ ਮੰਗਾਂ ਮੰਗਵਾਉਣ ਲਈ ਮੰਗ ਪੱਤਰ ਦਿੱਤਾ ਜਾਵੇਗਾ।ਇਸ ਮੌਕੇ ਕਾਮਰੇਡ ਸੁਰਿੰਦਰ ਸਿੰਘ ਮੀਰਾਂਕੋਟ, ਗੁਰਦੀਪ ਸਿੰਘ ਬੁਤਾਲਾ, ਐਡਵੋਕੇਟ ਕਵਲਜੀਤ ਕੌਰ, ਸਰੋਜ ਬਾਲਾ, ਰਘਬੀਰ ਕੌਰ, ਚਰਨਜੀਤ ਸਿੰਘ ਮਜੀਠਾ ਕਿਰਪਾ ਰਾਮ, ਪ੍ਰਤਾਪ ਸਿੰਘ ਖਾਪੜਖੇੜੀ, ਰਣਜੋਧ ਬੀਰ ਸਿੰਘ ਵਿਜੇ, ਜਗੀਰ ਸਿੰਘ, ਸੁਰਿੰਦਰ ਸਿੰਘ ਸਿੱਧੂ, ਭੁਪਿੰਦਰ ਸਿੰਘ ਛੀਨਾ, ਬਾਬਾ ਕੁਲਦੀਪ ਸਿੰਘ, ਦਲਵੀਰ ਸਿੰਘ ਧੂਲਕਾ, ਕਰਤਾਰ ਸਿੰਘ ਛੱਜਲਵੱਡੀ, ਪੂਜਾ, ਮਨਦੀਪ ਕੌਰ, ਮਨਜੀਤ ਕੌਰ, ਭਗਵੰਤ ਸਿੰਘ ਆਦਿ ਹਾਜ਼ਰ ਸਨ।

COURT NOTICE

(U/o 5 Rule 20 CPC)
In the Court of
Ms. Neelam Arora
Principal Judge Family Court, Ludhiana
CNR No. PBLD01-002284-2023
Next Date :- 08-10-2024
Ramandeep Singh
Vs.
Anita
Publication Issued to :
Anita W/o Shri Ramandeep Singh D/o Shri Sarup Singh R/o House No. 6694, Street No. 4, Guru Nanak Nagar, Daba Lohara, Ludhiana.
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 08.10.2024 at 10:00 A.M.
For details logon to https://highcourtchd.gov.in/?trs=district_notice&district=Ludhiana
Principal Judge Family Court, Ludhiana
Dated, this day of 08.08.2024

COURT NOTICE

(U/o 5 Rule 20 CPC)
In the Court of
Sh. Supinder Singh
Civil Judge (Junior Division), Ludhiana
CNR No. PBLD02-000143-2020
Next Date :- 09-09-2024
Punjab State Power Corporation Ltd.
Vs.
Bhupinder Singh
Publication Issued to :
Bhupinder Singh
Resident of Dhandari Kalan, GT Road, Ludhiana Mobile No. 98140-34347
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 09.09.2024 at 10:00 A.M.
For details logon to https://highcourtchd.gov.in/?trs=district_notice&district=Ludhiana
Civil Judge (Junior Division), Ludhiana
Dated, this day of 03.08.2024

COURT NOTICE

Criminal Courts, Ludhiana
In the Court of
MS. Shaweta
Judicial Magistrate-1st Class Ludhiana
CNR No. PBLD03-041404-2019
COMA/29442/2019
Peshi: 07-09-2024
Publication Notice for Proclamation under Section 82 CR.PC
M/S Gitansh Steels Pvt. Ltd. V/S M/S Gurjas Industry
Complain : R/w Sec-138 of N.I.Act.
Notice to:- M/S Gurjas Industry, 3376, Street No. 5, New Janta Nagar, Gill Road, Ludhiana through its proprietor Shri Gurpreet Singh.
2. Gurpreet Singh proprietor of M/S Gurjas Industry, 3376, Street No. 5, New Janta Nagar, Gill Road, Ludhiana.
Whereas it has been proved to the satisfaction of the court that you, the accused above named cannot be served in the ordinary way of service. Hence this proclamation under section 82 of CRPC is hereby issued against you with a direction that you Should appear Personally before the court on 07.09.2024 at 10.00 A.M. within 30 days from the date of publication of this proclamations.
Take notice that, in default of you part to appear as directed above the said case will be heard and determined as per law in your absence.
Given under my hand and the seal of the court.
For details logon to https://highcourtchd.gov.in/?trs=district_notice&district=ludhiana
Judicial Magistrate-1st Class Ludhiana

COURT NOTICE

In the Court of MS. Radhika Puri
Additional Civil Judge (Senior Division), Ludhiana
Publication Notice in petition under Section 8 of the Hindu Minorities and Guardianship Act.
CNR No. PBLD02-006921-2024
Peshi : 09-09-2024
Raj Pal Singh aged 49 years S/o Sh. Surinder Singh, resident of House No. 2215, Street No. 9, Shaheed Karnail Singh Nagar, Post office G.N.E. College, Ludhiana, Mobile No. 750823897
Versus General Public
Notice issued to :- General Public
Whereas the above named petitioner Rai Pal Singh S/o Sh. Surinder Singh has filed petition for the allowing the petitioner to sell the property of minor son Jaskirat Singh (D.O.B. 14.01.2015) i.e 1/3 share in Shop measuring 25 sq. yards Comprised in Khewat No. 1938, 2636, Khatoni No. 2576, 3365 page No. 2352, 3397, Khasra No. 3403/152/1, 3398/151/4 as per Jamabandi for year 2010-2011 Village Gill-2, Hadbast No. 253, Tehsil and District Ludhiana, situated at Karnail Singh Nagar Ludhiana, on the basis of oral and documentary evidence.
This Notice is hereby issued to the general public regarding the institution of this petition. If any person has any objection to sell the property of the above said petitioner of the said Children, then he/she should appear in the court on 09.09.2024 at 10.00 a.m., either in person or through an authorised agent of lawyer for filing objections failing which the petition shall be decided in accordance with law.
Given under my hand and the seal of the court, this 05.08.2024
For details logon to https://highcourtchd.gov.in/?trs=district_notice&district=ludhiana
Additional Civil Judge (Senior Division), Ludhiana.

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਧੂਰੀ।
ਮਿਸਲ ਨੰਬਰ 186/ਐੱਨ. ਟੀ. ਰਜੂਅਲ : 9.01.2023 ਪਿੰਡ : ਕੌਲਸੇਜ਼ੀ ਕਿਸਮ ਕੇਸ : ਤਕਸੀਮ
ਭੁਪਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਭੁੱਲਰਹੇੜੀ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਖੇਵਟਦਾਰ ਪਿੰਡ ਕੌਲਸੇਜ਼ੀ, ਤਹਿਸੀਲ ਧੂਰੀ। ..... ਸਾਇਲ
ਬਨਾਮ
4. ਗੁਰਮੇਲ ਸਿਘ ਪੁੱਤਰ ਉਜਾਗਰ ਸਿਘ ਪੁੱਤਰ ਦਸੋਧਾ ਸਿਘ, 5. ਬਲਵੀਰ ਸਿਘ ਪੁੱਤਰ ਉਜਾਗਰ ਸਿਘ ਪੁੱਤਰ ਦਸੋਧਾ ਸਿਘ, 6. ਗੁਰਦੇਵ ਕੌਰ ਪਤਨੀ ਬਲਵੀਰ ਸਿਘ ਪੁੱਤਰ ਉਜਾਗਰ ਸਿਘ, 11. ਬਲਵਿੰਦਰ ਕੌਰ ਪੁੱਤਰੀ ਉਗਰ ਸਿਘ ਪੁੱਤਰ ਅਮਰ ਸਿਘ, 12. ਸਰਵਜੀਤ ਕੌਰ ਪੁੱਤਰੀ ਉਗਰ ਸਿਘ ਪੁੱਤਰ ਅਮਰ ਸਿਘ, 15. ਸਰਵਜੀਤ ਸਿਘ ਪੁੱਤਰ ਜਵਾਲਾ ਸਿਘ ਪੁੱਤਰ ਕਾਕਾ ਸਿਘ, 18. ਮੁਤਵਵੀ ਪ੍ਰੀਤਮ ਸਿਘ ਪੁੱਤਰ ਹੀਰਾ ਸਿਘ ਪੁੱਤਰ ਵਡੇਰ ਸਿਘ ਰਾਹੀਂ ਵਾਰਸਾਨ (ੳ) ਸੁਰਜੀਤ ਸਿਘ ਪੁੱਤਰ ਪ੍ਰੀਤਮ ਸਿਘ ਪੁੱਤਰ ਹੀਰਾ ਸਿਘ, (ਅ) ਛੋਟਾ ਸਿਘ ਪੁੱਤਰ ਪ੍ਰੀਤਮ ਸਿਘ ਪੁੱਤਰ ਹੀਰਾ ਸਿਘ ਵਾਸੀਆਨ ਪਿੰਡ ਕੌਲਸੇਜ਼ੀ, ਤਹਿਸੀਲ ਧੂਰੀ, (ੲ) ਬਲਵੀਰ ਕੌਰ ਪੁੱਤਰੀ ਪ੍ਰੀਤਮ ਸਿਘ ਪੁੱਤਰ ਹੀਰਾ ਸਿਘ, ਵਾਸੀਆਨ ਪਿੰਡ ਭਲਵਾਨ, ਤਹਿ. ਧੂਰੀ, 21. ਪੁਸ਼ਪਿੰਦਰ ਸਿਘ ਪੁੱਤਰ ਸੁਖਦੇਵ ਸਿਘ ਪੁੱਤਰ ਗੁਰਮੁੱਖ ਸਿਘ ਵਾਸੀਆਨ ਪਿੰਡ ਕੌਲਸੇਜ਼ੀ, ਤਹਿ. ਧੂਰੀ, 23 ਕੇਵਲ ਸਿਘ ਪੁੱਤਰ ਗਰਜਾ ਸਿਘ ਵਾਸੀ ਪਿੰਡ ਭੁੱਲਰਹੇੜੀ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ। ..... ਮਸ਼ੂਲਾਨ
ਦਰਖਾਸਤ ਜ਼ੇਰ ਧਾਰਾ 111 ਆਫ ਪੰਜਾਬ ਲੈਂਡ ਰੈਵੀਨਿਊ ਐਕਟ 1887 ਬਾਬਤ ਕੀਤੇ ਜਾਣੇ ਅਰਾਜ਼ੀ ਤਕਸੀਮ ਤੈਦਾਦੀ 91 ਬਿੱਘੇ 7 ਵਿਸਵੇ ਖੇਵਟ ਨੰ: 124/109 ਖਤੌਨੀ ਨੰਬਰ 184 ਤੋਂ 191 ਵਾਕਾ ਰਕਬਾ ਪਿੰਡ ਕੌਲਸੇਜ਼ੀ, ਤਹਿ. ਧੂਰੀ, ਜ਼ਿਲ੍ਹਾ ਸੰਗਰੂਰ ਬਰੂਏ ਜਮ੍ਹਾਂਬੰਦੀ ਸਾਲ 2015-16
ਜਿਥੋਂ ਤੱਕ ਇਸ ਅਦਾਲਤ ਨੂੰ ਗਿਆਤ ਹੋ ਸਕਿਆ ਹੈ ਕਿ ਇਸ ਕੇਸ ਵਿਚ ਮਸ਼ੂਲਾਨ ਦੀ ਤਲਬੀ ਸਰਸਰੀ ਤਰੀਕੇ ਨਾਲ ਨਹੀਂ ਹੋ ਰਹੀ। ਇਸ ਲਈ ਉਕਤ ਕੇਸ ਵਿਚ ਉਪਰ ਲਿਖੇ ਮਸ਼ੂਲਾਨ ਵਿਚੋਂ ਮਸ਼ੂਲਾਨ ਖੁਦ ਆਪ ਜਾਂ ਉਸ ਵੱਲੋਂ ਕੋਈ ਪੈਰਵੀ ਕਰਨੀ ਚਾਹੁੰਦਾ ਹੈ, ਇਸ ਤੋਂ ਇਲਾਵਾ ਜੇਕਰ ਕਿਸੇ ਮਸ਼ੂਲਾਨ ਦੀ ਮੌਤ ਹੋ ਚੁੱਕੀ ਹੈ ਤਾਂ ਉਸ ਦੇ ਵਾਰਸਾਂ ਵੱਲੋਂ ਕੋਈ ਕੇਸ ਦੀ ਪੈਰਵੀ ਕਰਨੀ ਚਾਹੁੰਦਾ ਹੈ ਤਾਂ ਕੇਸ ਦੀ ਮੁਕੱਰਰ ਮਿਤੀ 6.09.2024 ਨੂੰ ਸਵੇਰੇ 10.00 ਵਜੇ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿਚ ਮੇਰੇ ਰੂਬਰੂ ਪੇਸ਼ ਹੋ ਕੇ ਪੈਰਵੀ ਕਰ ਸਕਦੇ ਹਨ। ਇਸ ਮਿਤੀ ਤੋਂ ਬਾਅਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ। ਅਗਲੀ ਕਾਰਵਾਈ ਹਸਬ ਜ਼ਾਬਤਾ ਅਮਲ ਵਿਚ ਲਿਆਂਦੀ ਜਾਵੇਗੀ।
ਇਹ ਨੋਟਿਸ ਅੱਜ ਮਿਤੀ 9.08.2024 ਨੂੰ ਮੇਰੇ ਦਸਤਖਤ/ਮੋਹਰ ਰਾਹੀਂ ਜਾਰੀ ਕੀਤਾ ਗਿਆ।
ਨੰ: 621/ਰੀਡਰ 2 ਮਿਤੀ : 9.8.2024 ਸਹਾਇਕ ਕੁਲੈਕਟਰ ਦਰਜਾ ਪਹਿਲਾ, ਕਮ-ਨਾਇਬ ਤਹਿਸੀਲਦਾਰ ਧੂਰੀ।

ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ
ਭੰਡਾਰ ਦੀ ਸਪਲਾਈ ਲਈ ਮੰਗ ਨਿਵਿਦਾ
ਇਲੈਕਟ੍ਰਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ
ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀ. ਮੰਡਲ ਸਮਗਰੀ ਪ੍ਰਬੰਧਕ/ਉਤਰ ਰੇਲਵੇ/ਭੰਡਾਰ ਬਰਾਂਚ/ਫਿਰੋਜਪੁਰ ਦੁਆਰਾ ਸੁੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

ਨਿਵਿਦਾ ਨੰ.	ਮਾਲ ਦਾ ਵੇਰਵਾ	ਮਾਤਰਾ	ਨਿਵਿਦਾ ਖੁਲਣ ਦੀ ਮਿਤੀ
94245627B	Office Hysteroscope with Hysteroenomat Set	01 Nos	07.09.2024
94245624B	Automated Immune Assay Analyzer	01 Nos	07.09.2024

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹਨ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣ ਅਤੇ ਪੰਜੀਕਰਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ-III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੋਵੇ ਤਾਂ ਪ੍ਰਾਪਤ ਕਰਨਾ ਹੋਵੇਗਾ) ਹੱਥ ਨਾਲ ਲਿਖੀ ਨਿਵਿਦਾ ਸਵੀਕਾਰ ਨਹੀਂ ਕੀਤੀ ਜਾਵੇਗੀ।
ਟੈਂਡਰ ਨੋਟਿਸ ਨੰ.: 16/2024-25 ਤਾਰੀਕ : 09.08.2024 2479/2024
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ
ਭੰਡਾਰ ਦੀ ਸਪਲਾਈ ਲਈ ਮੰਗ ਨਿਵਿਦਾ
ਇਲੈਕਟ੍ਰਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ
ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀ. ਮੰਡਲ ਸਮਗਰੀ ਪ੍ਰਬੰਧਕ/ਉਤਰ ਰੇਲਵੇ/ਭੰਡਾਰ ਬਰਾਂਚ/ਫਿਰੋਜਪੁਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

ਨਿਵਿਦਾ ਨੰ.	ਮਾਲ ਦਾ ਵੇਰਵਾ	ਮਾਤਰਾ	ਨਿਵਿਦਾ ਖੁਲਣ ਦੀ ਮਿਤੀ
94245817A	Set of condenser coil assembly for RMPU and Set of Cooling (evaporator) coil assembly	18 set +18 set = 36 Set	09.09.2024

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹਨ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣ ਅਤੇ ਪੰਜੀਕਰਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧੀਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ-III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੋਵੇ ਤਾਂ ਪ੍ਰਾਪਤ ਕਰਨਾ ਹੋਵੇਗਾ) ਹੱਥ ਨਾਲ ਲਿਖੀ ਨਿਵਿਦਾ ਸਵੀਕਾਰ ਨਹੀਂ ਕੀਤੀ ਜਾਵੇਗੀ।
ਟੈਂਡਰ ਨੋਟਿਸ ਨੰ.: 17/2024-25 ਤਾਰੀਕ : 09.08.2024 2491/2024
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ
ਈ-ਟੈਂਡਰ ਸੂਚਨਾ
ਸੀਨੀਅਰ ਮੰਡਲ ਇੰਜੀਨੀਅਰ - ਪਹਿਲੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ 28.08.2024 ਵਕਤ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਰਤ੍ਰਾਂ ਕਿਸੀ ਵੀ ਮੈਨੂੰਅਲ ਪੁਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪੱਤਰ ਦੀ ਬਿਆਨਾ ਰਾਸ਼ੀ ਦੀ ਜਗ੍ਹਾਂ ਟੈਂਡਰ ਸੁਰੱਖਿਆ ਘੋਸ਼ਣਾ ਪੱਤਰ ਨਿਰਧਾਰਿਤ ਪ੍ਰਾਰੂਪ ਵਿਚ ਟੈਂਡਰ ਦੇ ਨਾਲ ਈ-ਪੋਰਟਲ ਉਤੇ ਨਥੀ ਕਰੇਗਾ।

ਲੜੀ ਨੰ:	ਟੈਂਡਰ ਨੰਬਰ	ਟੈਂਡਰ ਦਾ ਵੇਰਵਾ		
1.	149-2024-25-Sr. DEN-I/FZR	ਸੀਨੀਅਰ ਮੰਡਲ ਇੰਜੀਨੀਅਰ - ਪਹਿਲੀ ਦੇ ਅਧਿਕਾਰ ਖੇਤਰ ਵਿਚ LDH-JRC ਸੈਕਸ਼ਨ ਵਿਚ ਟ੍ਰਿਮਬਲ ਗੇਡੋ ਬੇਸਿਰਸ ਟ੍ਰਾਲੀ ਪ੍ਰਣਾਲੀ ਦਾ ਉਪਯੋਗ ਕਰਕੇ ਪ੍ਰੀ ਅਤੇ ਪੋਸਟ ਟੈਮਪਿੰਗ ਟ੍ਰੈਕ ਮਾਪ ਸਰਵੇਖਸ਼ਣ ਦੇ ਬਾਦ ਜਿਯੋ ਟੇਕਸਟਾਇਲ ਦੀ ਆਪੂਰਤੀ ਅਤੇ ਵਿਛਾਨ ਦਾ ਕੰਮ ਕਰਨਾ।		
		ਵਿਗਿਆਪਨ ਮੂਲ (ਰੁ:)	ਆਫਰ ਦੀ ਵੈਧਤਾ	ਪੂਰਾ ਕਰਨ ਦਾ ਸਮਾਂ
		9153925.00	60 ਦਿਨ	06 ਮਹੀਨੇ
2.	150-2024-25-ADEN-LDH	ਸਹਾਇਕ ਮੰਡਲ ਇੰਜੀਨੀਅਰ ਲੁਧਿਆਣਾ ਦੇ ਅਧਿਕਾਰ ਖੇਤਰ ਵਿਚ ਸਾਨੇਵਾਲ ਸਟੇਸ਼ਨ ਉਤੇ ਗੁਡਸ ਸ਼ੇਡ ਦਾ ਉਨਨਯਨ/ਸੁਧਾਰ ਦਾ ਕੰਮ ਕਰਨਾ		
		ਵਿਗਿਆਪਨ ਮੂਲ (ਰੁ:)	ਆਫਰ ਦੀ ਵੈਧਤਾ	ਪੂਰਾ ਕਰਨ ਦਾ ਸਮਾਂ
		41851221.92	60 ਦਿਨ	06 ਮਹੀਨੇ

ਨੋਟ: 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ।
ਟੈਂਡਰ ਸੂਚਨਾ ਪੱਤਰ ਨੰ: 770-W/169/WA-1/FZR-149-2024-25-Sr.DEN-I/FZR & 150-2024-25-ADEN-LDH 2460/24
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ
ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ
ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ
ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯਾਂਤਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੇ ਯੋਗਤਾ ਮਾਪਦੰਡ ਤੇ ਖੋਹਲਣ ਦੀ ਮਿਤੀ ਦੇ ਸ਼ੁਧੀਕਰਨ ਲਈ:-

ਲ. ਨੰ.	ਨਿਵਿਦਾ ਨੰ.	ਯੋਗਤਾ ਮਾਪਦੰਡ	ਸ਼ੁਧੀਕ੍ਰਿਤ ਮਿਤੀ
1.	62245227	1. OEMs or their Authorized Agent/dealers with valid authorization from OEM can also quote on behalf of OEM provided the OEM takes full responsibility for the quality of the material including warranty obligations and the inspection against Railways orders carried out at the manufacturers premises 2. In keeping with the Public Procurement (Preference to Make in India) Order, 2017 as amended and in terms of Clause 2.4.2 of instructions to tenderers for e-Tender, Rev. 1.21 of April-2024, Public Procurement of this item is restricted to Class-I local suppliers only. Thus, only Class-I local supplier as defined under the Public Procurement (preference to Make in India) Order, 2017, as amended shall be eligible to bid in this tender. Offers from vendors who do not quality to be Class-I local supplier shall be summarily rejected and, therefore, such vendors should not participate in the tender. In case any vendor who does not qualify to be a Class-I local supplier for the tendered item participates in the tender, such a bidder does so at its own risk and cost and Railways shall not be liable for any loss or damage caused to the bidder on this account. **NOTE:-** As per Public Procurement (Preference to Make in India) Order, 2017, procurements where the estimated value to be procured is less than Rs. 5 lakhs shall be exempt from this Order. In terms of sub clause 8A of clause 2.4.2 of Instructions to tenderers for e-Tenders, Rev. 1.21 of April 2024, Bidders are requested to indicated the local Content in their offered product in the requisite field in the offer form	20.08.2024

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ

ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਮੰਗਾਂ ਨੂੰ ਲੈ ਕੇ ਰੋਸ ਮੁਜ਼ਾਹਰਾ

■ ਤਿੱਖੇ ਸੰਘਰਸ਼ ਦੀ ਦਿੱਤੀ ਚੇਤਾਵਨੀ

ਸਮਰਾਲਾ (ਸੁਰਜੀਤ ਸਿੰਘ)-ਸਰਕਾਰ ਦੇ ਵਿਰੁੱਧ ਮੰਗਾਂ ਨੂੰ ਲੈ ਕੇ ਚੱਲ ਰਹੇ ਸੰਘਰਸ਼ ਦੇ ਸਿਲਸਿਲੇ ਵਿੱਚ ਪੰਜਾਬ ਭਰ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਅਰਥੀ ਸਾੜ ਮੁਜ਼ਾਹਰਿਆਂ ਦਾ ਸਿਲਸਿਲਾ ਜਾਰੀ ਹੈ, ਜਿਸ ਤੋਂ ਲਗਦਾ ਹੈ ਕਿ ਸਰਕਾਰ ਖਿਲਾਫ ਮੁਲਾਜ਼ਮ ਜਮਾਤ ਵਿੱਚ ਵਿਆਪਕ ਆਕ੍ਰੋਸ਼ ਪਾਇਆ ਜਾ ਰਿਹਾ ਹੈ।ਜ਼ਿਮਨੀ ਚੋਣਾਂ ਦੌਰਾਨ ਮੁਲਾਜ਼ਮਾਂ ਦੇ ਸੰਘਰਸ਼ ਨੂੰ ਟਾਲਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਭਰੋਸਾ ਦਿੱਤਾ ਸੀ ਕਿ ਇੱਕ ਵਾਰ ਸਾਨੂੰ ਚੋਣਾਂ ਨਾਲ ਨਿਪਟ ਲੈਣ ਦਿਓ, ਤੁਹਾਡੇ ਸਾਰੇ ਮਸਲੇ ਹੱਲ ਕਰ ਦਿਆਂਗੇ।ਇਸ ਸਬੰਧ ਵਿਚ ਸਰਕਾਰ ਵੱਲੋਂ ਮੀਟਿੰਗ ਵੀ ਫ਼ਿਕਸ ਕਰ ਦਿੱਤੀ ਸੀ, ਪਰ ਇਹ ਮੀਟਿੰਗ ਤਿੰਨ ਵਾਰ ਟਾਲ ਦਿੱਤੀ ਗਈ ਹੈ, ਜਿਸ ਤੋਂ ਮੁਲਾਜ਼ਮ ਜਮਾਤ ਵਿੱਚ ਸਰਕਾਰ ਪ੍ਰਤੀ ਬੇਵਿਸ਼ਵਾਸੀ ਕਾਰਨ ਵਿਆਪਕ ਰੋਹ ਪੈਦਾ ਹੋ ਗਿਆ ਹੈ ਅਤੇ ਉਹ ਸਰਕਾਰ ਖਿਲਾਫ ਸੰਘਰਸ਼ 'ਤੇ ਉੱਤਰ ਆਏ ਹਨ। ਇਸੇ ਸਿਲਸਿਲੇ ਵਿੱਚ ਇਥੇ ਵੱਖ ਵੱਖ ਵਿਭਾਗਾਂ ਤੋਂ ਰਿਟਾਇਰ ਤੇ ਰੇਗੂਲਰ ਮੁਲਾਜ਼ਮ ਜਥੇਬੰਦੀਆਂ ਨੇ ਐੱਸ. ਡੀ. ਐੱਮ. ਦਫਤਰ ਸਾਹਮਣੇ ਆਪਣੀਆਂ ਮੰਗਾਂ ਨੂੰ ਲੈ ਕੇ ਤੇ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਵਿਰੁੱਧ ਜ਼ਬਰਦਸਤ ਰੋਸ ਤੇ ਅਰਥੀ ਫੂਕ ਮੁਜ਼ਾਹਰਾ ਸਿਕੰਦਰ ਸਿੰਘ ਕਨਵੀਨਰ ਤਾਲਮੇਲ ਕਮੇਟੀ ਸਮਰਾਲਾ ਦੀ ਅਗਵਾਈ ਹੇਠ ਕੀਤਾ ਗਿਆ।ਮੁਜ਼ਾਹਰੇ ਵਿੱਚ ਵੱਡੀ ਗਿਣਤੀ 'ਚ ਰਿਟਾਇਰ ਹੋਏ ਮੁਲਾਜ਼ਮਾਂ ਦੀਆਂ ਵਿਧਵਾ ਔਰਤਾਂ ਵੀ ਹਾਜ਼ਰ ਰਹੀਆਂ।ਆਗੂਆਂ ਨੇ ਪੰਜਾਬ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਰੱਜ ਕੇ ਭੜਾਸ ਕੱਢੀ ਤੇ ਸਰਕਾਰ ਨੂੰ ਪਾਣੀ ਪੀ ਪੀ ਕੇ ਕੋਸਿਆ।ਉਨ੍ਹਾਂ ਕਿਹਾ ਕਿ ਵਾਰ ਵਾਰ ਮੀਟਿੰਗਾਂ ਲਈ ਸਮਾਂ ਦੇ ਕੇ ਮੁਕਰਨ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ ਤੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ।ਇਸ ਧਰਨੇ ਵਿੱਚ ਸਮਰਾਲਾ ਤਹਿਸੀਲ ਦੀਆਂ ਸਮੂਹ ਜਥੇਬੰਦੀਆਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਭਾਗ ਲਿਆ। ਰੋਸ ਮੁਜ਼ਾਹਰੇ ਨੂੰ ਮੁੱਖ ਤੌਰ 'ਤੇ ਸੰਬੋਧਨ ਕਰਨ ਵਾਲਿਆਂ ਵਿੱਚ ਸਿਕੰਦਰ ਸਿੰਘ ਪ੍ਰਧਾਨ ਪੈਨਸ਼ਨਰ ਐਸੋ:, ਮੇਘ ਸਿੰਘ ਜਵੰਦਾ ਪ੍ਰਧਾਨ ਪੈਨਸ਼ਨਰਜ਼ ਕਲਿਆਣ ਸੰਗਠਨ, ਮਾ. ਕੁਲਵੰਤ ਸਿੰਘ ਤਰਕ, ਇੰਜ: ਪ੍ਰੇਮ ਸਿੰਘ ਸਾਬਕਾ ਐੱਸ. ਡੀ. ਓ., ਗੁਰਬਖਸ਼ੀਸ਼ ਸਿੰਘ ਪੰਜਾਬ ਰਾਜ ਪੈਨਸ਼ਨਰਜ਼ ਮਹਾਂ ਸੰਘ, ਚਰਨਜੀਤ ਸਿੰਘ ਸੀ. ਐੱਚ. ਟੀ., ਰਾਮ ਸਿੰਘ ਕਾਲੜਾ ਮਾਛੀਵਾੜਾ, ਅਸ਼ੋਕ ਕੁਮਾਰ ਸਿੰਚਾਈ ਵਿਭਾਗ, ਯਸ਼ਪਾਲ ਮਿੱਟਾ, ਗੁਰਚਰਨ ਸਿੰਘ ਖੇਤੀਬਾੜੀ ਵਿਭਾਗ, ਮਨਪ੍ਰੀਤ ਸਿੰਘ ਡੈਮੋਕਰੇਟਿਕ ਫਰੰਟ, ਜੈਗ ਸਿੰਘ ਗੜ੍ਹੀ, ਸੰਗਤ ਸਿੰਘ ਸੋਖੋਂ ਟੀ. ਐੱਸ.ਯੂ., ਮੋਹਣ ਸਿੰਘ ਬੀ. ਪੀ. ਈ. ਓ. ਮਾਛੀਵਾੜਾ ਆਦਿ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਕਿਹਾ ਕਿ ਜੇਕਰ ਸਰਕਾਰ ਅਜੇ ਵੀ ਨਾ ਜਾਗੀ ਤਾਂ ਆਉਣ ਵਾਲੇ ਸਮੇਂ ਵਿੱਚ ਤਿੱਖਾ ਸੰਘਰਸ਼ ਕੀਤਾ ਜਾਵੇਗਾ।ਸਟੇਜ ਸਕੱਤਰ ਦੀ ਭੂਮਿਕਾ ਇੰਜ: ਜੁਗਲ ਕਿਸ਼ੋਰ ਸਾਹਨੀ ਨੇ ਬਾਖੂਬੀ ਨਿਭਾਈ। ਧਰਨੇ ਦੇ ਅਖੀਰ 'ਚ ਆਗੂਆਂ ਵੱਲੋਂ ਵਫਦ ਦੇ ਰੂਪ ਵਿੱਚ ਐੱਸ. ਡੀ. ਐੱਮ. ਸਮਰਾਲਾ ਨੂੰ ਮੰਗ ਪੱਤਰ ਦਿੱਤਾ ਗਿਆ।ਮੰਗ ਪੱਤਰ ਪ੍ਰਾਪਤ ਕਰਦੇ ਹੋਏ ਐੱਸ. ਡੀ. ਐੱਮ. ਸਮਰਾਲਾ ਨੇ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦਾ ਇਹ ਮੰਗ ਪੱਤਰ ਯੋਗ ਪ੍ਰਣਾਲੀ ਰਾਹੀਂ ਸਰਕਾਰ ਤੱਕ ਪੁੱਜਦਾ ਕੀਤਾ ਜਾਵੇਗਾ।ਅਖੀਰ ਵਿੱਚ ਸਿਕੰਦਰ ਸਿੰਘ ਕਨਵੀਨਰ ਵੱਲੋਂ ਅਰਥੀ ਫੂਕ ਮੁਜ਼ਾਹਰੇ ਵਿੱਚ ਸ਼ਾਮਲ ਵੱਖ ਵੱਖ ਜਥੇਬੰਦੀਆਂ ਦੇ ਪੈਨਸ਼ਨਰਜ਼, ਮੁਲਾਜ਼ਮਾਂ, ਆਗੂਆਂ ਤੇ ਵੱਡੀ ਗਿਣਤੀ 'ਚ ਪਹੁੰਚੀਆਂ ਔਰਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

ਅਮਨ ਅਰੋੜਾ ਨੇ ਕਿਸਾਨੀ ਅੰਦੋਲਨ ਦੇ ਸ਼ਹੀਦਾਂ ਦੇ ਵਾਰਿਸਾਂ ਨੂੰ ਨਿਯੁਕਤੀ ਪੱਤਰ ਸੌਂਪੇ

ਸੁਨਾਮ (ਪ੍ਰਵੀਨ ਸਿੰਘ)-ਕਿਸਾਨੀ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਤੇ ਮਜ਼ਦੂਰਾਂ ਦੇ ਪਰਵਾਰਕ ਮੈਂਬਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿਮ ਤਹਿਤ ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਅਧੀਨ ਆਉਂਦੇ ਪਰਵਾਰਾਂ ਦੇ 6 ਮੈਂਬਰਾਂ ਨੂੰ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਸੌਂਪੇ।

ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਜਿੱਥੇ ਸੂਬੇ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਦਿਨ-ਰਾਤ ਵੱਡੇ ਉਪਰਾਲੇ ਕਰ ਰਹੀ ਹੈ, ਉੱਥੇ ਹੀ ਕਿਸਾਨੀ ਅੰਦੋਲਨ ਦੌਰਾਨ ਆਪਣੀਆਂ ਜਾਨਾਂ ਗਵਾਉਣ ਵਾਲਿਆਂ ਦੇ ਲੋੜਵੰਦ ਪਰਵਾਰਾਂ ਦੀ ਵਿੱਤੀ ਮਜਬੂਤੀ ਨੂੰ ਯਕੀਨੀ ਬਣਾਉਣ ਲਈ ਵੀ ਮ੍ਰਿਤਕ ਕਿਸਾਨਾਂ ਤੇ ਮਜ਼ਦੂਰਾਂ ਦੇ ਵਾਰਸਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਸਰਕਾਰੀ ਨੌਕਰੀਆਂ ਪ੍ਰਦਾਨ ਕਰ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਕਿਸਾਨੀ ਅੰਦੋਲਨ ਦੌਰਾਨ ਸਦੀਵੀ ਵਿਛੋੜਾ ਦੇਣ ਵਾਲਿਆਂ ਦੀ ਕਮੀ ਨੂੰ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੀੜਤ ਪਰਵਾਰਾਂ ਦੀ ਪੀੜ ਨੂੰ ਦਿਲੋਂ ਮਹਿਸੂਸ ਕਰਦੇ ਹੋਏ ਮਦਦ ਲਈ ਹੱਥ ਅੱਗੇ ਵਧਾਇਆ ਹੈ। ਕੈਬਨਿਟ ਮੰਤਰੀ ਨੇ 6 ਪੀੜਤ ਪਰਵਾਰਾਂ ਦੇ ਵਾਰਸਾਂ ਨੂੰ ਤਰਸ ਦੇ ਆਧਾਰ 'ਤੇ ਸਰਕਾਰ ਦੀ ਤਰਫੋਂ ਦਰਜਾ 4 ਆਸਾਮੀ ਦੇ ਨਿਯੁਕਤੀ ਪੱਤਰ ਸੌਂਪੇ ਤੇ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਜ਼ਿੰਮੇਵਾਰੀ ਦੀ ਭਾਵਨਾ ਨਾਲ ਨਿਭਾਉਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਪਿਛਲੇ ਦਿਨ ਦਿਨਾਂ ਦੌਰਾਨ ਹਲਕਾ ਸੁਨਾਮ ਊਧਮ ਸਿੰਘ ਵਾਲਾ ਨਾਲ ਸੰਬੰਧਤ 14 ਪੀੜਤ ਪਰਵਾਰਾਂ ਦੇ ਵਾਰਸਾਂ ਨੂੰ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਪ੍ਰਦਾਨ ਕੀਤੇ ਜਾ ਚੁੱਕੇ ਹਨ।

ਮੀਰਾ ਸਕੂਲ ਆਫ਼ ਨਰਸਿੰਗ 'ਚ ਬੂਟੇ ਲਗਾਏ

ਸਰਦੂਲਗੜ੍ਹ (ਅਵਤਾਰ ਜਟਾਣਾ)-ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਸਭਨਾਂ ਨੂੰ ਅੱਗੇ ਆਉਣ ਦੇ ਨਾਲ ਹੀ ਹਰ ਵਿਅਕਤੀ ਨੂੰ ਇੱਕ-ਇੱਕ ਬੂਟਾ ਲਗਾ ਕੇ ਉਸ ਦੀ ਪਾਲਣਾ ਪੁੱਤਾਂ ਵਾਂਗ ਕਰਨੀ ਚਾਹੀਦੀ ਹੈ ਤਾਂ ਕਿ ਵਾਤਾਵਰਨ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਇਆ ਜਾ ਸਕੇ।ਇਹ ਵਿਚਾਰ ਪ੍ਰਿੰਸੀਪਲ ਰੀਤੂ ਭਾਰਦਵਾਜ ਨੇ ਮੀਰਾ ਸਕੂਲ ਆਫ਼ ਨਰਸਿੰਗ ਸਰਦੂਲੇਵਾਲਾ ਵਿਖੇ ਬੂਟੇ ਲਗਾਉਣ ਦੀ ਸ਼ੁਰੂਆਤ ਕਰਨ ਮੌਕੇ ਪ੍ਰਗਟਾਏ।ਇਸ ਮੌਕੇ ਸੰਸਥਾ ਦੇ ਪ੍ਰਬੰਧਕ ਰਾਜਿੰਦਰ ਗਰਗ, ਨਰੇਸ਼ ਲਹਿਰੀ, ਪ੍ਰਵੀਨ ਲਹਿਰੀ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਚੌਗਿਰਦੇ ਨੂੰ ਹਰਿਆ-ਭਰਿਆ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਏ ਜਾਣ।

ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਆਕਸ਼ਨ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

ਨੀਲਾਮੀ ਸੂਚਨਾ ਨੰ.	ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	ਕੰਮ ਦਾ ਨਾਮ
FZRCLOAK ROOM19	26.08.2024 ਨੂੰ 11:00 ਵਜੇ	ਅੰਮ੍ਰਿਤਸਰ ਅਤੇ ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਰੇਲਵੇ ਸਟੇਸ਼ਨ ਤੇ ਬਲਾਕ ਰੂਮ ਸੁਵਿਧਾ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ।

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 2472/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਮਾਤਾ ਜਰਨੈਲ ਕੌਰ ਇੰਸਟੀਚਿਊਟ ਵਿਖੇ ਬਰੈਸਟ ਫੀਡਿੰਗ ਡੇ ਮਨਾਇਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)

ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਐਂਡ ਪੈਰਾਮੈਡੀਕਲ ਸਾਇੰਸਜ਼ ਵਿਖੇ ਦੇਸ਼ ਭਗਤ ਯੂਨਾਈਟਡ ਗਰੁੱਪ ਦੇ ਚਾਂਸਲਰ ਡਾ. ਜੋਰਾ ਸਿੰਘ, ਪ੍ਰੋ. ਚਾਂਸਲਰ ਡਾ. ਤੇਜਿੰਦਰ ਕੌਰ ਤੇ ਪ੍ਰਿੰਸੀਪਲ ਰੁਪਿੰਦਰ ਕੌਰ ਬੁੱਟਰ ਦੀ ਅਗਵਾਈ ਹੇਠ ਵਿਸ਼ਵ ਬਰੈਸਟ ਫੀਡਿੰਗ ਡੇ ਮਨਾਇਆ ਗਿਆ।ਇਸ ਮੌਕੇ ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀ ਮੌਜੂਦ ਸਨ। ਇਸ ਮੌਕੇ ਚਾਰਟ ਮੇਕਿੰਗ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ।ਸਾਰੇ ਵਿਦਿਆਰਥੀਆਂ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਨੂੰ ਬਰੈਸਟ ਫੀਡਿੰਗ ਬਾਰੇ ਜਾਣਕਾਰੀ ਦਿੱਤੀ।ਪ੍ਰਿੰਸੀਪਲ ਰੁਪਿੰਦਰ ਕੌਰ ਬੁੱਟਰ ਨੇ ਵਿਦਿਆਰਥੀਆਂ ਨੂੰ ਬਰੈਸਟ ਫੀਡਿੰਗ ਦੇ ਲਾਭ ਤੇ ਟੈਕਨੀਕਸ ਬਾਰੇ ਦੱਸਿਆ।

ਉਨ੍ਹਾ ਦੱਸਿਆ ਕਿ ਬੱਚੇ ਲਈ ਮਾਂ ਦਾ ਦੁੱਧ ਇੱਕ ਸ਼ਾਨਦਾਰ ਤੋਹਫਾ ਹੈ। ਇਸ ਤੋਂ ਇਲਾਵਾ ਪ੍ਰਿੰਸੀਪਲ ਰੁਪਿੰਦਰ ਕੌਰ ਬੁਟਰ ਨੇ ਵਿਦਿਆਰਥੀਆਂ ਨੂੰ ਹੋਰ ਵੀ ਬਹੁਤ ਸਾਰੀ ਜਾਣਕਾਰੀ ਦਿੰਦੇ ਹੋਏ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸੰਬੋਧਤ ਕੀਤਾ ਅਤੇ ਉਨ੍ਹਾਂ ਨੂੰ ਜੀਵਨ ਵਿੱਚ ਇਦਾਂ ਹੀ ਅੱਗੇ ਜਾਣ ਦੀ ਸਲਾਹ ਦਿੱਤੀ।

ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਸੋਨੇ ਦੇ 6 ਮੈਡਲ ਜਿੱਤੇ

ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੀ ਸ਼ਾਖਾ ਮਾਤਾ ਸੁੰਦਰੀ ਸੀਨੀਅਰ ਸੈਕੰਡਰੀ ਸਕੂਲ ਢੱਡੇ ਦੇ ਖਿਡਾਰੀਆਂ ਨੇ 68ਵੀਆਂ ਗਰਮ ਰੁੱਤ ਸਕੂਲ ਖੇਡਾਂ ਦੇ ਜ਼ੋਨ ਮੰਡੀ ਕਲਾਂ ਵਿੱਚ ਵੱਖ-ਵੱਖ ਖੇਡ ਵੰਨਗੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 6 ਸੋਨੇ ਅਤੇ 3 ਚਾਂਦੀ ਦੇ ਤਮਗੇ ਜਿੱਤੇ।ਇਸ ਮੌਕੇ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਮੈਨੇਜਿੰਗ ਡਾਇਰੈਕਟਰ ਗੁਰਬਿੰਦਰ ਸਿੰਘ ਸਿੱਧੂ ਤੇ ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਸੰਸਥਾ ਦੇ ਸਰੀਰਕ ਸਿੱਖਿਆ ਵਿਭਾਗ, ਖਿਡਾਰੀਆਂ ਤੇ ਮਾਪਿਆਂ ਨੂੰ ਇਨ੍ਹਾਂ ਸ਼ਾਨਦਾਰ ਖੇਡ ਪ੍ਰਾਪਤੀਆਂ ਲਈ ਮੁਬਾਰਕਬਾਦ ਦਿੱਤੀ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਵਡੇਰੀਆਂ ਉਪਲਬਧੀਆਂ ਹਾਸਲ ਕਰਨ ਦੀ ਕਾਮਨਾ ਕੀਤੀ।ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਖੇਡ ਵਿਭਾਗ ਦੇ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਸੰਸਥਾ ਦੇ ਖੇਡ ਵਿਭਾਗ ਦੇ ਮੁਖੀ ਪ੍ਰੋ. ਜਸਵਿੰਦਰ ਸਿੰਘ, ਕੋਆਰਡੀਨੇਟਰ ਹਰਦੀਪ ਸਿੰਘ, ਜਸਪ੍ਰੀਤ ਕੌਰ ਡੀਪੀਈ, ਦੀਸ਼ਵਰ ਕੌਰ ਕੋਚ ਤੇ ਹਰਮਨਦੀਪ ਕੌਰ ਕੋਚ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਆਉਣ ਵਾਲੇ ਸਮੇਂ ਵਿੱਚ ਖੇਡ ਵਿਭਾਗ ਉੱਪਰ ਹੋਰ ਵੀ ਜ਼ਿਆਦਾ ਤਵੱਜੋਂ ਦੇਣ ਦੀ ਗੱਲ ਆਖੀ।ਪ੍ਰੋ. ਜਸਵਿੰਦਰ ਸਿੰਘ ਨੇ ਦੱਸਿਆ ਕਿ ਸੰਸਥਾ ਦੇ ਅੰਡਰ 19 ਸਾਲ ਉਮਰ ਵਰਗ ਦੇ ਖਿਡਾਰੀਆਂ ਵਿੱਚ ਰੱਸਾਕਸ਼ੀ ਦੀ ਟੀਮ ਨੇ ਸੋਨੇ ਦਾ, ਟੇਬਲ ਟੈਨਿਸ ਟੀਮ ਨੇ ਸੋਨੇ ਦਾ, ਮੁੱਕੇਬਾਜ਼ੀ ਟੀਮ ਵਿੱਚ ਗੁਰਪ੍ਰੀਤ ਕੌਰ ਨੇ 63 ਕਿਲੋ ਭਾਰ ਵਰਗ ਵਿੱਚ ਸੋਨੇ ਦਾ, ਹੁਸਨਪ੍ਰੀਤ ਕੌਰ ਨੇ 60 ਕਿਲੋ ਭਾਰ ਵਰਗ ਵਿੱਚ ਸੋਨੇ ਦਾ, ਨਵਜੋਤ 54 ਕਿਲੋ ਭਾਰ ਵਰਗ ਵਿੱਚ ਸੋਨੇ ਦਾ, ਸਿਮਰਨਜੋਤ 45 ਕਿਲੋ ਭਾਰ ਵਰਗ ਵਿੱਚ ਸੋਨੇ ਦਾ, ਗਗਨਦੀਪ ਕੌਰ ਨੇ 57 ਕਿਲੋ ਭਾਰ ਵਰਗ ਵਿੱਚ ਚਾਂਦੀ ਦਾ ਤਮਗਾ ਹਾਸਲ ਕੀਤਾ।ਇਸੇ ਤਰ੍ਹਾਂ ਬੈਡਮਿੰਟਨ ਟੀਮ ਨੇ ਚਾਂਦੀ ਦਾ ਅਤੇ ਸ਼ਤਰੰਜ ਟੀਮ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ।ਇਸ ਮੌਕੇ ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ, ਡਾਇਰੈਕਟਰ ਮੈਡਮ ਸਿੰਬਲਜੀਤ ਕੌਰ, ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ, ਪ੍ਰੋ. ਰਣਜੀਤ ਕੌਰ, ਪ੍ਰੋ. ਰਵਿੰਦਰ ਕੁਮਾਰ, ਪ੍ਰੋ. ਸ਼ਾਮ ਲਾਲ, ਪ੍ਰੋ. ਜਗਜੀਤ ਸਿੰਘ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਹਰਸ਼ ਰਾਣੀ ਆਦਿ ਵੀ ਹਾਜ਼ਰ ਸਨ।

ਚੋਰੀ ਦੀਆਂ ਵਾਰਦਾਤਾਂ ਕਾਰਨ ਦੁਕਾਨਦਾਰਾਂ 'ਚ ਸਹਿਮ ਦਾ ਮਾਹੌਲ

ਲੌਂਗੋਵਾਲ (ਕੁਲਦੀਪ ਅੱਤਰੀ/ਪ੍ਰਦੀਪ ਸਿੰਘ ਸੱਪਲ) : ਕਸਬਾ ਲੌਂਗੋਵਾਲ ਵਿਖੇ ਰਾਤ ਸਮੇਂ ਚੋਰੀ ਦੀਆਂ ਵਾਰਦਾਤਾਂ ਵਿੱਚ ਦਿਨੋਂ-ਦਿਨ ਵਾਧਾ ਹੋ ਰਿਹਾ ਹੈ, ਜਿਸ ਕਾਰਨ ਚੋਰੀਆਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ।ਕਸਬੇ ਦੇ ਲੋਕਾਂ ਦਾ ਕਹਿਣਾ ਹੈ ਕਿ ਕਾਫੀ ਸਮਾਂ ਪਹਿਲਾਂ ਸਥਾਨਕ ਬਸ ਸਟੈਂਡ ਤੋਂ ਲੈ ਕੇ ਮੇਨ ਬਜ਼ਾਰ, ਮੂਲਾ ਦਰਵਾਜ਼ਾ ਤੇ ਸਿਵਲ ਹਸਪਤਾਲ ਤੱਕ ਦੁਕਾਨਦਾਰਾਂ ਨੇ ਆਪਸ ਵਿੱਚ ਮਿਲ ਕੇ ਰਾਤ ਸਮੇਂ ਡਿਊਟੀ ਕਰਨ ਵਾਲੇ ਚੌਕੀਦਾਰ ਰੱਖੇ ਸਨ, ਪਰ ਹੁਣ ਚੌਕੀਦਾਰ ਨਾ ਹੋਣ ਅਤੇ ਪੁਲਸ ਗਸ਼ਤ ਨਾ ਹੋਣ ਕਰਕੇ ਚੋਰੀ ਦੀਆਂ ਵਾਰਦਾਤਾਂ

10-Aug-PAGE-8.qxd 8/9/2024 9:39 PM Page 1

ਸੂਬਾ ਸਰਕਾਰ ਪੰਜਾਬ ਨੂੰ ਫਿਰ ਤੋਂ ਹਰਿਆ ਭਰਿਆ ਤੇ ਰੰਗਲਾ ਬਣਾਉਣ ਲਈ ਯਤਨਸ਼ੀਲ : ਰਾਜਾ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)-ਪੰਜਾਬ ਸਰਕਾਰ ਵੱਲੋਂ ਬਾਬਾ ਬੂਟਾ ਭਗਤ ਯਾਦਗਾਰੀ ਹਾਲ ਵਿਖੇ ਸਰਕਾਰ ਆਪਕੇ ਦੁਆਰ ਤਹਿਤ ਵਿਸ਼ੇਸ਼ ਸ਼ਿਕਾਇਤ ਨਿਵਾਰਨ ਕੈਂਪ ਲਗਾਇਆ ਗਿਆ। ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਦੀ ਅਗਵਾਈ ਅਤੇ ਐਸ.ਡੀ.ਐਮ ਟਾਂਡਾ ਵਿਊਮ ਭਾਰਦਵਾਜ਼ ਦੇਖ-ਰੇਖ ਹੇਠ ਲਗਾਏ ਗਏ ਇਸ ਕੈਂਪ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਿਦਾਇਤਾਂ ਅਨੁਸਾਰ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਕਰੀਬ 25 ਮਹਿਕਮਿਆਂ ਦੇ ਅਧਿਕਾਰੀਆਂ ਨੇ ਮੌਕੇ 'ਤੇ ਹਾਜ਼ਰ ਰਹਿ ਕੇ 200 ਤੋਂ ਉੱਪਰ ਵੱਖ ਵੱਖ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਕੈਂਪ ਦੌਰਾਨ ਸੰਬੋਧਨ ਕਰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਸੂਬਾ ਸਰਕਾਰ ਦੀਆਂ ਲੋਕ ਉਸਾਰੂ ਨੀਤੀਆਂ ਦਾ ਖੁਲਾਸਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਫਿਰ ਤੋਂ ਰੰਗਲਾ ,ਹਰਿਆ-ਭਰਿਆ ਅਤੇ ਹਰ ਪੱਖੋਂ ਮਜਬੂਤ ਕਰਨ ਵਾਸਤੇ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਜਿਸ ਤਹਿਤ ਉਹਨਾਂ ਵੱਲੋਂ ਕੱਲ ਹੁਸ਼ਿਆਰਪੁਰ ਪਹੁੰਚ ਕੇ ਵੱਖ ਵੱਖ ਸਰਕਾਰੀ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਇਆ। ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਬੇਰੁਜ਼ਗਾਰੀ, ਭਿਸਟਾਚਾਰੀ, ਨਸ਼ਾਖੋਰੀ ,ਭੂ ਮਾਫੀਆ ਨੂੰ ਖਤਮ ਕਰਨ ਲਈ ਸਰਕਾਰ ਵੱਲੋਂ ਲਗਾਤਾਰ ਨਕੇਲ ਕੱਸੀ ਜਾ ਰਹੀ ਹੈ। ਟਾਂਡਾ ਸ਼ਹਿਰ ਦੇ ਵੱਖ-ਵੱਖ ਵਾਰਡਾਂ 'ਚੋਂ ਪਹੁੰਚੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਮੌਕੇ 'ਤੇ ਹੀ ਸੰਬੰਧਿਤ ਅਧਿਕਾਰੀਆਂ ਨੂੰ ਹੱਲ ਕਰਨ ਲਈ ਕਿਹਾ। । ਇਸ ਮੌਕੇ ਪ੍ਰਾਪਤ ਹੋਈਆਂ 50 ਸ਼ਿਕਾਇਤਾਂ ਚੋਂ 42 ਸ਼ਿਕਾਇਤਾਂ ਦਾ ਮੌਕੇ 'ਤੇ ਹੀ ਹੀ ਨਿਪਟਾਰਾ ਕੀਤਾ ਗਿਆ । ਕੈਂਪ ਦੌਰਾਨ ਚੇਅਰਮੈਨ ਇੰਮਪਰੂਵਮੈਂਟ ਟਰਸਟ ਹੁਸ਼ਿਆਰਪੁਰ ਹਰਮੀਤ ਸਿੰਘ ਔਲਖ , ਡੀ.ਐਸ.ਪੀ ਟਾਂਡਾ ਹਰਜੀਤ ਸਿੰਘ ਰੰਧਾਵਾ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਐਕਸੀਅਨ ਪੰਜਾਬ ਮੰਡੀ ਬੋਰਡ ਦਿਲਪ੍ਰੀਤ ਸਿੰਘ, ਥਾਣਾ ਮੁਖੀ ਟਾਂਡਾ ਗੁਰਵਿੰਦਰਜੀਤ ਸਿੰਘ ਨਾਗਰਾ,ਸੀਨੀਅਰ ਮੈਡੀਕਲ ਅਫਸਰ ਟਾਂਡਾ ਡਾ. ਕਰਨ ਕੁਮਾਰ ਸੈਣੀ, ਐਸ.ਡੀ.ਓ ਪਾਵਰ ਕਾਮ ਸ਼ਹਿਰੀ ਇੰਜੀਨੀਅਰ ਪਰਮਜੀਤ ਸਿੰਘ, ਐਸ.ਡੀ.ਓ ਪਾਵਰ ਕਾਮ ਸਬ ਅਰਬਨ ਸੁਖਵੰਤ ਸਿੰਘ ਮੂਨਕਾ, ਈ.ਓ ਟਾਂਡਾ ਬੀ.ਡੀ.ਪੀ.ਓ ਰਾਜਵਿੰਦਰ ਕੌਰ, ਤਹਿਸੀਲਦਾਰ ਪ੍ਰਦੀਪ ਸਿੰਘ, ਨਾਇਬ ਤਹਿਸੀਲਦਾਰ ਗੁਰਪ੍ਰੀਤ ਸਿੰਘ, ਪ੍ਰੇਮ ਜੈਨ, ਹਰਵਿੰਦਰ ਕਲੋਟੀ, ਬਲਜੀਤ ਸੈਣੀ, ਸੁਖਵਿੰਦਰਜੀਤ ਸਿੰਘ ਝਾਵਰ,ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਕੌਂਸਲਰ ਹਰੀ ਕ੍ਰਿਸ਼ਨ ਸੈਣੀ, ਕੌਂਸਲਰ ਸੁਮਨ ਖੋਸਲਾ, ਕੌਂਸਲਰ ਮੰਜੂ ਬਾਲਾ, ਸੋਨੂ ਖੰਨਾ, ਜਸਵਿੰਦਰ ਸਿੰਘ ਜੱਸੀ, ਪ੍ਰੇਮ ਪਡਵਾਲ,ਅਨਿਲ ਗੋਰਾ, ਬੋਬੀ ਜਸਰਾ, ਸੁਪਰਡੈਂਟ ਸੁਖਵਿੰਦਰ ਸਿੰਘ, ਵਿੱਕੀ ਮਹਿੰਦਰੂ,ਕਲਰਕ ਨੀਰਜ ਕੁਮਾਰ , ਅਤਵਾਰ ਸਿੰਘ ਪਲਾਹ ਚੱਕ, ਮਾਸਟਰ ਕੁਲਵੰਤ ਸਿੰਘ ਜਹੂਰਾ, ਹਰਵਿੰਦਰ ਪਾਲ ਸਿੰਘ ਸੋਨੂ ਵੀ ਹਾਜ਼ਰ ਸਨ।

ਮੁੱਖ ਮੰਤਰੀ ਵੱਲੋਂ ਨੀਰਜ ਚੋਪੜਾ ਨੂੰ ਵਧਾਈ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਰਤੀ ਅਥਲੀਟ ਨੀਰਜ ਚੋਪੜਾ ਨੂੰ ਪੈਰਿਸ ਉਲੰਪਿਕ ਖੇਡਾਂ ਵਿੱਚ ਜੈਵਲਿਨ ਥਰੋਅ ਵਿੱਚ ਚਾਂਦੀ ਦਾ ਤਗ਼ਮਾ ਜਿੱਤਣ ਉਤੇ ਵਧਾਈ ਦਿੱਤੀ।ਆਪਣੇ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਨੀਰਜ ਚੋਪੜਾ ਨੇ ਆਪਣੀ ਵਿਲੱਖਣ ਤੇ ਇਤਿਹਾਸਕ ਪ੍ਰਾਪਤੀ ਰਾਹੀਂ ਸਮੁੱਚੇ ਮੁਲਕ ਨੂੰ ਮਾਣ ਮਹਿਸੂਸ ਕਰਵਾਇਆ ਹੈ।ਉਨ੍ਹਾਂ ਕਿਹਾ ਕਿ ਚੋਪੜਾ ਨੇ ਟੋਕੀਓ ਉਲੰਪਿਕਸ ਵਿੱਚ ਸੋਨੇ ਦਾ ਤਮਗਾ ਜਿੱਤ ਕੇ ਇਤਿਹਾਸ ਸਿਰਜਿਆ ਸੀ ਅਤੇ ਹੁਣ ਪੈਰਿਸ ਉਲੰਪਿਕਸ ਵਿੱਚ ਚਾਂਦੀ ਦਾ ਤਗ਼ਮਾ ਜਿੱਤ ਕੇ ਦੇਸ਼ ਲਈ ਨਾਮਣਾ ਖੱਟਿਆ ਹੈ।ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਇਸ ਨੌਜਵਾਨ ਖਿਡਾਰੀ ਦਾ ਸ਼ਾਨਦਾਰ ਪ੍ਰਦਰਸ਼ਨ ਭਵਿੱਖ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਸ ਦੇ ਨਕਸ਼ੇ-ਕਦਮ ਉਤੇ ਚੱਲਣ ਲਈ ਟੁੰਬੇਗਾ।

ਅਜ਼ਾਦੀ ਦਿਹਾੜੇ ਮੌਕੇ ਨੰਗਲ 'ਚ ਹੋਵੇਗਾ ਪ੍ਰਭਾਵਸ਼ਾਲੀ ਸਮਾਰੋਹ : ਤਹਿਸੀਲਦਾਰ

ਭਲਾਣ (ਹਰਭਜਨ ਢਿੱਲੋਂ)—ਸਰਕਾਰੀ ਸਕੂਲ ਲੜਕੇ ਵਿੱਚ ਪ੍ਰਬੰਧਾਂ ਸਬੰਧੀ ਹੋਈ ਵਿਸ਼ੇਸ਼ ਮੀਟਿੰਗ ਅਜਾਦੀ ਦਿਹਾੜੇ ਮੌਕੇ ਉਪ ਮੰਡਲ ਪੱਧਰ ਦਾ ਸੁਤੰਤਰਤਾ ਦਿਵਸ ਸਮਾਰੋਹ ਸਰਕਾਰੀ ਸੀਨੀ.ਸੈਕੰ.ਸਕੂਲ ਲੜਕੇ ਨੰਗਲ ਵਿਖੇ ਮਨਾਇਆ ਜਾਵੇਗਾ। ਇਸ ਸਬੰਧੀ ਤਹਿਸੀਲਦਾਰ ਕੁਲਵਿੰਦਰ ਸਿੰਘ ਵੱਲੋਂ ਰਿਵਿਊ ਮੀਟਿੰਗ ਕੀਤੀ ਗਈ, ਜਿਸ ਵਿਚ ਸੁਤੰਤਰਤਾ ਦਿਵਸ ਸਬੰਧੀ ਪ੍ਰਬੰਧਾਂ ਦਾ ਜਾਇਜਾ ਲਿਆ ਗਿਆ ਅਤੇ ਵੱਖ ਵੱਖ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ।ਉਨ੍ਹਾਂ ਨੇ ਦੱਸਿਆ ਕਿ ਨੰਗਲ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਮਨਾਏ ਜਾਣ ਵਾਲੇ ਅਜਾਦੀ ਦਿਵਸ ਸਮਾਰੋਹ ਮੌਕੇ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਸੱਭਿਆਚਾਰਕ ਤੇ ਦੇਸ਼ ਭਗਤੀ ਦੀਆਂ ਪੇਸ਼ਕਾਰੀਆਂ ਦੇਣਗੇ, ਪਰੇਡ, ਮਾਰਚ ਪਾਸਟ, ਪੀ.ਟੀ.ਸ਼ੋਅ ਸਮਾਰੋਹ ਦੇ ਮੁੱਖ ਆਕਰਸ਼ਣ ਹੋਣਗੇ। ਉਨ੍ਹਾਂ ਨੇ ਕਿਹਾ ਕਿ ਅਜਾਦੀ ਦਿਹਾੜੇ ਦੇ ਸਮਾਰੋਹ ਸਾਡੇ ਦੇਸ਼ ਵਿੱਚ ਇੱਕ ਸਮੇਂ ਹਰ ਖੇਤਰ ਵਿੱਚ ਮਨਾਏ ਜਾਣ ਵਾਲੇ ਸਮਾਰੋਹ ਹਨ, ਜੋ ਸਾਨੂੰ ਦੇਸ਼ ਭਗਤੀ ਦੀ ਭਾਵਨਾ ਦੀ ਪ੍ਰੇਰਨਾ ਦਿੰਦੇ ਹਨ। ਹਰ ਧਰਮ ਤੇ ਵਰਗ ਦੇ ਲੋਕ ਇਹ ਸਮਾਰੋਹ ਰਲ ਮਿਲ ਕੇ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ ਤੇ ਇਹ ਉਤਸ਼ਾਹ ਵਿਦਿਆਰਥੀਆਂ ਦੇ ਨਾਲ ਨਾਲ ਹਰ ਵਰਗ ਵਿੱਚ ਹੋਣਾ ਬਹੁਤ ਜਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਸਮਾਰੋਹ ਵਾਲੇ ਸਥਾਨ 'ਤੇ ਸਾਰੀਆਂ ਤਿਆਰੀਆਂ ਢੁੱਕਵੇ ਢੰਗ ਨਾਲ ਕੀਤੀਆਂ ਜਾਣ।ਇਸ ਮੌਕੇ ਕਾਰਜ ਸਾਧਕ ਅਫਸਰ ਰਵਨੀਤ ਸਿੰਘ, ਪ੍ਰਿੰ. ਕਿਰਨ ਸ਼ਰਮਾ, ਵਿਜੇ ਬੰਗਲਾ, ਪਰਵਿੰਦਰ ਕੌਰ ਦੁਆ, ਡਾ.ਮਨਦੀਪ ਕੌਰ, ਮੁਕੇਸ਼ ਸ਼ਰਮਾ, ਰਵਿੰਦਰ ਸਿੰਘ, ਸੁਗਨਪਾਲ, ਜਗਮੋਹਨ ਸਿੰਘ, ਸੁਧੀਰ ਕੁਮਾਰ, ਅਨਿਲ ਕੁਮਾਰ, ਜਸਵੀਰ ਸਿੰਘ, ਮੋਨਿਕਾ, ਨੇਹਾ, ਤਨੂੰ, ਰਜਿੰਦਰ ਮੋਹਨ, ਕੁਲਵਿੰਦਰ ਕੌਰ, ਰਾਕੇਸ਼ ਕੁਮਾਰ ਆਦਿ ਹਾਜ਼ਰ ਸਨ।

ਬਾਬਾ ਕਸ਼ਮੀਰਾ ਸਿੰਘ ਦਾ ਜਨਮ ਦਿਨ ਮਨਾਇਆ

ਜਲੰਧਰ -(ਇਕਬਾਲ ਸਿੰਘ ਉਭੀ)-ਸਤਿਨਾਮੁ ਅਨਾਮੀ ਸਤਿਸੰਗ ਘਰ ਅਤੇ ਐਸ ਜੀ ਐਲ ਸੰਸਥਾ ਦੇ ਫਾਊਂਡਰ ਚੇਅਰਮੈਨ ਸੁਆਮੀ ਬਾਬਾ ਕਸ਼ਮੀਰਾ ਸਿੰਘ ਜੀ ਦਾ ਜਨਮ ਦਿਨ ਹਰ ਸਾਲ ਦੀ ਤਰ੍ਹਾਂ ਸੰਸਾਰਕ ਭਾਇਚਾਰਾ ਦਿਵਸ ਦੇ ਰੂਪ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਆਏ ਹੁਕਮਨਾਮੇ ਉੱਪਰ ਸਤਿਸੰਗ (ਹਰੀਕਥਾ) ਸੁਆਮੀ ਬਾਬਾ ਕਸ਼ਮੀਰਾ ਸਿੰਘ ਵੱਲੋਂ ਕੀਤਾ ਗਿਆ।ਜਿਸ ਵਿੱਚ ਹਜ਼ਾਰਾਂ ਹੀ ਸੰਗਤਾਂ ਨੇ ਹਾਜ਼ਰੀਆਂ ਭਰੀਆਂ।ਇਸ ਮੌਕੇ ਸਾਂਝੀ ਵਾਲਤਾ ਦਾ ਸੰਦੇਸ਼ ਦਿੰਦੇ ਹੋਏ ਉਹਨਾ ਦੱਸਿਆ ਕਿ ਸਾਨੂੰ ਸਾਰਿਆਂ ਨੂੰ ਚੰਗੇ ਨਾਗਰਿਕ ਬਣ ਕੇ ਲੋਕ ਭਲਾਈ ਦੇ ਕਾਰਜਾਂ ਵਿੱਚ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ।ਇਸ ਸਾਲ 23ਵੇਂ ਸੰਸਾਰਕ ਭਾਈਚਾਰਾ ਦਿਵਸ ਮਨਾਉਂਦੇ ਹੋਏ ਸੁਆਮੀ ਬਾਬਾ ਕਸ਼ਮੀਰਾ ਸਿੰਘ ਵੱਲੋਂ ਸਤਿਨਾਮੁ ਅਨਾਮੀ ਸਤਿਸੰਗ ਘਰ ਪਿੰਡ ਸੇਮੀ ਵਿਖੇ 81 ਫੁੱਟ ਉੱਚੇ ਪੋਲ ਉੱਪਰ ਵਿਸ਼ਵ ਸ਼ਾਂਤੀ ਦਾ ਪਰਚਮ ਲਹਿਰਾਇਆ ਗਿਆ ਅਤੇ ਖੂਨਦਾਨ ਕੈਂਪ ਲਗਾਇਆ ਗਿਆ।ਇਸ ਮੌਕੇ ਸੁਆਮੀ ਬਾਬਾ ਕਸ਼ਮੀਰਾ ਸਿੰਘ ਅਤੇ ਸੰਸਥਾ ਦੇ ਪ੍ਰੈਜ਼ੀਡੈਂਟ ਮਨਿੰਦਰ ਪਾਲ ਸਿੰਘ ਰਿਆੜ ਵੱਲੋਂ ਆਈ ਹੋਈ ਸੰਗਤ ਨੂੰ ਹਜ਼ਾਰਾਂ ਬੂਟੇ ਵੰਡੇ ਗਏ।

ਲਾਇਨ ਕਲੱਬ ਨਿਸ਼ਚੈ ਤੇ ਐਕਟਿਵ ਕਲੱਬ ਨੇ ਬੂਟੇ ਲਾਏ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਲਾਇਨ ਕਲੱਬ ਨਿਸ਼ਚੈ ਬੰਗਾ ਦੇ ਪ੍ਰਧਾਨ ਗੁਲਸ਼ਨ ਕੁਮਾਰ ਅਤੇ ਲਾਇਨ ਕਲੱਬ ਐਕਟਿਵ ਨਵਾਂਸ਼ਹਿਰ ਦੇ ਪ੍ਰਧਾਨ ਗੁਰਦੀਪ ਸਿੰਘ ਸੂਚ ਦੀ ਅਗਵਾਈ 'ਚ ਆਈ ਮਿਉਂਸਪਲ ਗਾਰਡਨ ਪਾਰਕ ਨਵੀਂ ਆਬਾਦੀ ਨਵਾਂਸ਼ਹਿਰ ਵਿਖੇ ਫ਼ਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ।ਬਲਵੀਰ ਸਿੰਘ ਰਾਏ ਫਾਊਂਡਰ ਪ੍ਰਧਾਨ ਨਿਸ਼ਚੈ, ਕੁਲਦੀਪ ਭੂਸ਼ਨ ਖੰਨਾ ਜ਼ੋਨਲ ਚੇਅਰਮੈਨ ਅਤੇ ਤਰਲੋਚਨ ਸਿੰਘ ਵਿਰਦੀ ਡਿਪਟੀ ਗਵਰਨਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਬਰਸਾਤ ਦੇ ਮੌਸਮ 'ਚ ਮੀਂਹ ਦਾ ਨਾ ਪੈਣ ਅਤੇ ਦੀ ਗਰਮੀ ਨਾਲ ਮਨੁੱਖ ਦਾ ਜਿਉਣਾ ਦੁੱਭਰ ਹੋ ਗਿਆ ਹੈ ਇਸ ਨੂੰ ਕੁਦਰਤ ਦੀ ਕਰੋਪੀ ਕਿਹਾ ਜਾ ਸਕਦਾ ਹੈ।ਲਾਇਨ ਕਲੱਬ ਦੇ ਮੈਂਬਰ ਅਤੇ ਅਹੁਦੇਦਾਰਾ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਕਿ ਹਰ ਮਨੁੱਖ ਲਾਵੇ ਇੱਕ ਰੁੱਖ। ਮੁੱਖ ਬੁਲਾਰਾ ਮਨਜਿੰਦਰ ਸਿੰਘ ਸੈਕਟਰੀ ਨੇ ਕਿਹਾ ਕਿ ਇਸ ਮਿਉਂਸਪਲ ਗਾਰਡਨ ਪਾਰਕ ਦੇ ਸੰਚਾਲਕ ਚੇਤ ਰਾਮ ਰਤਨ ਸੀਨੀਅਰ ਕੌਂਸਲਰ ਪ੍ਰੋਜੈਕਟ ਚੇਅਰਮੈਨ ਵੱਲੋਂ ਇਸ ਪਾਰਕ ਨੂੰ ਬਣਾਉਣ ਦੇ ਯਤਨ ਸ਼ਲਾਘਾਯੋਗ ਹਨ।

ਮਾਂ ਭਾਮੇਸ਼ਵਰੀ ਦੇ ਸਾਲਾਨਾ 70ਵੇਂ ਜੋੜ ਮੇਲੇ ਮੌਕੇ ਡਾ. ਜਤਿੰਦਰ ਕੁਮਾਰ ਹੋਏ ਨਤਮਸਤਕ

ਮੋਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਭਾਮ ਵਿਖੇ ਭਾਰਤ ਦਾ ਪ੍ਰਚੀਨ ਮਾਂ ਦੁਰਗਾ ਮੰਦਰ ਵਿਖੇ ਮਾ ਭਾਮੇਸ਼ਵਰੀ ਦੇ ਇਤਿਹਾਸਕ ਮੰਦਰ ਦੇ ਪਵਿੱਤਰ ਅਸਥਾਨ 'ਤੇ ਮਾਂ ਭਾਮੇਸ਼ਵਰੀ ਮਿਸ਼ਨਰੀ ਟਰੱਸਟ ਭਾਮ ਅਤੇ ਇਲਾਕੇ ਦੇ ਸਹਿਯੋਗ ਨਾਲ ਮਾਂ ਭਾਮੇਸ਼ਵਰੀ ਦੇ ਸਾਲਾਨਾ 70ਵੇਂ ਪ੍ਰਗਟ ਦਿਵਸ ਤਿੰਨ ਰੋਜ਼ਾ ਜੋੜ ਮੇਲਾ ਧੂਮਧਾਮ ਨਾਲ ਮੰਦਰ ਦੇ ਚੇਅਰਪਰਸਨ ਭੈਣ ਵਿਨੋਦ ਕੁਮਾਰੀ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਮੌਕੇ ਮਾਂ ਭਾਮੇਸ਼ਵਰੀ ਦੇ ਪ੍ਰਗਟ ਦਿਵਸ ਮੌਕੇ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ ਦੇ ਛੋਟੇ ਭਰਾ ਡਾਕਟਰ ਡਾਕਟਰ ਜਤਿੰਦਰ ਕੁਮਾਰ ਹੁਸ਼ਿਆਰਪੁਰ ਆਪਣੇ ਸਾਥੀਆਂ ਸਮੇਤ ਪੁੱਜ ਕੇ ਹਾਜ਼ਰੀ ਭਰੀ ਅਤੇ ਮਹਾਮਾਈ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਪ੍ਰਬੰਧਕਾਂ ਨੇ ਡਾਕਟਰ ਜਤਿੰਦਰ ਕੁਮਾਰ ਹੁਸ਼ਿਆਰਪੁਰ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਸੰਜੂ ਭਾਜਪਾ ਆਲ ਇੰਡੀਆ ਗੁੱਜਰ ਮਹਾਂਸਭਾ ਦਾ ਸੂਬਾ ਸੰਯੁਕਤ ਸਕੱਤਰ ਨਿਯੁਕਤ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਭਾਜਪਾ ਦੇ ਸੀਨੀਅਰ ਆਗੂ ਚਰਨਜੀਤ ਚੌਧਰੀ ਸੰਜੂ ਨੂੰ ਆਲ ਇੰਡੀਆ ਗੁੱਜਰ ਮਹਾਸਭਾ ਦਾ ਸੂਬਾ ਸੰਯੁਕਤ ਸਕੱਤਰ ਨਿਯੁਕਤ ਕੀਤਾ ਗਿਆ ਹੈ।ਚੌਧਰੀ ਚਰਨਜੀਤ ਸਿੰਘ ਸੰਜੂ ਨੇ ਕਿਹਾ ਕਿ ਭਾਰਤੀ ਗੁਜਰ ਮਹਾਂਸਭਾ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਸੂਬੇ ਵਿੱਚ ਸਮਾਜ ਦੇ ਹਿੱਤਾਂ ਲਈ ਕੰਮ ਕਰਨਗੇ।ਉਨ੍ਹਾਂ ਨੇ ਆਪਣੀ ਨਿਯੁਕਤੀ ਤੇ ਪ੍ਰਧਾਨ ਸਮੇਤ ਸਮੁੱਚੀ ਕਾਰਜਕਾਰਨੀ ਦਾ ਧੰਨਵਾਦ ਕੀਤਾ। ਗੁੱਜਰ ਸਮਾਜ ਲਈ ਕੀਤੇ ਜਾ ਰਹੇ ਕਾਰਜਾਂ ਨੂੰ ਦੇਖਦੇ ਹੋਏ ਆਲ ਇੰਡੀਆ ਗੁਜਰ ਮਹਾਸਭਾ ਦੇ ਸਰਪ੍ਰਸਤ ਸ਼ੁਭਾਸ਼ ਬਾਠ ਕਿਹਾ ਕਿ ਚਰਨਜੀਤ ਸੰਜੂ ਗੁੱਜਰ ਦੀ ਨਿਯੁਕਤੀ ਨਾਲ ਸੂਬੇ ਵਿੱਚ ਸਮਾਜ ਦੀ ਨਵੀਂ ਜਥੇਬੰਦੀ ਮਜ਼ਬੂਤ ਹੋਵੇਗੀ ਅਤੇ ਉਨ੍ਹਾਂ ਦੀ ਨਿਯੁਕਤੀ ਨਾਲ ਸਮਾਜ ਨੂੰ ਹੋਰ ਹੁਲਾਰਾ ਮਿਲੇਗਾ।

ਕੱਟਾਂ ਪਿੰਡ ਦੇ ਨੌਜਵਾਨ ਦੀ ਕੈਨੇਡਾ ਵਿਖੇ ਅਚਨਚੇਤ ਮੌਤ

ਬੰਗਾ (ਅਵਤਾਰ ਕਲੇਰ) ਬੰਗਾ ਹਲਕੇ ਦੇ ਪਿੰਡ ਕੱਟਾਂ 'ਚ ਉਸ ਸਮੇਂ ਮਾਤਮ ਛਾ ਗਿਆ ਜਦੋਂ ਪਤਾ ਲੱਗਾ ਕਿ ਪਿੰਡ ਦੇ ਨੌਜਵਾਨ ਦੀ ਕੇਨੇਡਾ ਵਿਖੇ ਅਚਨਚੇਤ ਮੌਤ ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਨਜੋਤ ਸਿੰਘ (26 ਸਾਲ) ਪੁੱਤਰ ਬੂਟਾ ਸਿੰਘ ਜੋ ਕਿ ਦੋ ਮਹੀਨੇ ਪਹਿਲਾਂ ਹੀ ਵਰਕ ਪਰਮਿਟ 'ਤੇ ਕੇਨੇਡਾ ਗਿਆ ਸੀ।ਇਸ ਵੇਲੇ ਮਨਜੋਤ ਸਿੰਘ ਸਰੀ (ਕਨੇਡਾ) ਵਿਖੇ ਰਹਿ ਰਿਹਾ ਸੀ। ਬੀਤੇ ਕੱਲ੍ਹ ਹੀ ਉੱਥੇ ਪਾਰਕ ਵਿੱਚ ਮ੍ਰਿਤਕ ਪਾਇਆ ਗਿਆ।ਪੁਲਸ ਇਸ ਸਾਰੇ ਮਾਮਲੇ ਦੀ ਜਾਂਚ ਕਰ ਰਹੀ ਹੈ।ਪਰਿਵਾਰਕ ਮੈਂਬਰਾਂ ਦਾ ਰੋ ਰੋ ਕੇ ਬੁਰਾ ਹਾਲ ਹੈ। ਇਲਾਕੇ ਦੀਆਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਨੁਮਾਇੰਦਿਆਂ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ, ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਅਤੇ ਵਾਈਸ ਚੇਅਰਮੈਨ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ, ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਸਤਵੀਰ ਸਿੰਘ ਪੱਲੀ ਝਿੱਕੀ, ਪ੍ਰਵੀਨ ਬੰਗਾ, ਬਲਵੀਰ ਸਿੰਘ ਕਰਨਾਣਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ ਆਦਿ

10-Aug-PAGE-9.qxd 8/9/2024 9:39 PM Page 1

ਖੱਬੀਆਂ ਪਾਰਟੀਆਂ ਨੇ ਸਾਮਰਾਜ ਦਾ ਪੁਤਲਾ ਫੂਕਿਆ

ਬੰਗਾ (ਅਵਤਾਰ ਕਲੇਰ) ਸੀ ਪੀ ਆਈ ਅਤੇ ਸੀ ਪੀ ਆਈ (ਐਮ) ਦੋਵਾਂ ਪਾਰਟੀਆਂ ਵਲੋਂ ਅਮਰੀਕਾ ਸਾਮਰਾਜ ਵੱਲੋਂ ਜਪਾਨ ਦੇ ਸ਼ਹਿਰ ਹੀਰੋਸ਼ੀਮਾ ਤੇ ਨਾਗਾਸਾਕੀ ਉੱਪਰ ਸੁੱਟੇ ਪ੍ਰਮਾਣੂ ਬੰਬ ਜਿਸ 'ਚ ਲੱਖਾਂ ਲੋਕਾਂ ਦੀਆਂ ਜਾਨਾਂ ਗਈਆਂ ਅਤੇ ਲੱਖਾਂ ਲੋਕ ਅਪਾਹਜ ਹੋਏ ਕਰੋੜਾਂ-ਅਰਬਾਂ ਦਾ ਮਾਲੀ ਨੁਕਸਾਨ ਹੋਇਆ, ਜਬਰ ਜ਼ੁਲਮ ਨੂੰ ਯਾਦ ਕਰਦਿਆਂ ਮਜ਼ਦੂਰ ਜਮਾਤ ਵੱਲੋਂ ਨਵਾਂ ਸ਼ਹਿਰ ਵਿਖੇ ਅਮਰੀਕਾ ਸਾਮਰਾਜ ਦਾ ਪੁਤਲਾ ਫੂਕਿਆ ਗਿਆ ਅਤੇ 9 ਅਗਸਤ ਨੂੰ ਕਾਲੇ ਦਿਨ ਦੇ ਤੌਰ 'ਤੇ ਮਨਾਇਆ ਗਿਆ। ਸੀ ਪੀ ਆਈ ਤੇ ਸੀ ਪੀ ਆਈ (ਐਮ) ਵੱਲੋਂ ਕੀਤੇ ਇਕੱਠ ਨੂੰ ਸੰਬੋਧਨ ਕਰਦਿਆਂ ਨਰੰਜਣ ਦਾਸ ਮੋਹਲੀ ਕਾਰਜਕਾਰੀ ਸਕੱਤਰ ਸੀ ਪੀ ਆਈ, ਬਲਵੀਰ ਸਿੰਘ ਜਾਡਲਾ ਸਕੱਤਰ ਸੀ ਪੀ ਆਈ (ਐਮ) ਨੇ ਕਿਹਾ ਕਿ ਮਜ਼ਦੂਰ ਜਮਾਤ ਹਮੇਸ਼ਾ ਹੀ ਸੰਸਾਰ 'ਚ ਅਮਨ ਸ਼ਾਂਤੀ ਚਾਹੁੰਦੀ ਹੈ ਅਤੇ ਅਮਰੀਕਾ ਸਾਮਰਾਜ ਵੱਲੋਂ ਦੁਨੀਆ ਨੂੰ ਜੰਗ ਦੀ ਭੱਠੀ 'ਚ ਝੋਕਣ ਦਾ ਵਿਰੋਧ ਕਰਦੀ ਰਹੇਗੀ। ਉਪਰੋਕਤ ਆਗੂਆਂ ਨੇ ਦੁੱਖ ਜ਼ਾਹਰ ਕਰਦਿਆਂ ਆਖਿਆ ਕਿ ਅੱਜ ਵੀ ਅਮਰੀਕਾ ਸਾਮਰਾਜ ਇਜ਼ਰਾਇਲ ਵਰਗੇ ਜੰਗ ਵਾਯੂ ਦੇਸ਼ਾਂ ਨੂੰ ਉਕਸਾ ਕੇ ਫ਼ਲਸਤੀਨੀਆ ਦੇ ਦੇਸ਼ ਭਗਤ ਲੋਕਾਂ ਦੀ ਨਸਲਕੁਸੀ ਕਰਕੇ ਦੇਸ਼ ਦੀ ਹੋਂਦ ਨੂੰ ਮੁਕਾਉਣਾ ਚਾਹੁੰਦਾ ਹੈ।ਉਨ੍ਹਾਂ ਇਹ ਵੀ ਕਿਹਾ ਕਿ ਇਜ਼ਰਾਈਲ ਫ਼ਲਸਤੀਨੀਆ ਦੇ ਸਕੂਲਾਂ, ਕਾਲਜਾਂ, ਸ਼ਰਨਾਰਥੀ ਕੈਂਪਾਂ ਤੇ ਸੰਘਣੀ ਆਬਾਦੀ ਵਿਚ ਰਹਿ ਰਹੇ ਲੋਕਾਂ ਤੇ ਬੰਬਾਰੀ ਕਰਕੇ ਅਸਿਹ ਤੇ ਅਕਹਿ ਜ਼ੁਲਮ ਢਾਹ ਰਿਹਾ ਹੈ ਜਿਸ ਦਾ ਮੁਕਾਬਲਾ ਫ਼ਲਸਤੀਨ ਦੇ ਬਹਾਦਰ ਲੋਕ ਹਰ ਤਰ੍ਹਾਂ ਨਾਲ ਕਰ ਰਹੇ ਹਨ।ਹੋਰਨਾਂ ਤੋਂ ਇਲਾਵਾ ਮਹਾਂ ਸਿੰਘ ਰੋੜੀ, ਬਲਜਿੰਦਰ ਸਿੰਘ, ਜਰਨੈਲ ਸਿੰਘ, ਪਰਮਿੰਦਰ ਮੇਨਕਾ, ਬਲਜੀਤ ਕੌਰ ਮੱਲਪੁਰ, ਸੁਖਦੇਵ ਸਿੰਘ, ਜਸਵਿੰਦਰ ਰਾਹੋਂ, ਸਰਾਧੂ ਰਾਮ, ਸਤਨਾਮ ਸਿੰਘ, ਨਿਰਮਲ ਸਿੰਘ, ਗੁਰਮੱਖ ਸਿੰਘ, ਲਖਵੀਰ ਕੌਰ,ਹੁਸਨ ਮਝੋਟ, ਭਵਿੰਦਰ ਕੌਲਗੜ੍ਹ, ਗੁਰਿੰਦਰ ਲਾਲ, ਦਸੌਂਧਾ ਸਿੰਘ, ਬਲਵੀਰ ਸਿੰਘ, ਜੁਝਾਰ ਸਿੰਘ ਆਦਿ ਨੇ ਸੰਬੋਧਨ ਕੀਤਾ ਗਿਆ।ਸੀ ਪੀ ਆਈ ਐਮ ਦੇ ਦਫਤਰ ਤੋਂ ਡੀ ਸੀ ਦਫਤਰ ਤੱਕ ਰੋਸ ਮਾਰਚ ਕਰਕੇ ਅਮਰੀਕਾ ਸਾਮਰਾਜ ਦਾ ਪੁਤਲਾ ਫੂਕਿਆ ਗਿਆ।

ਪਰਸ਼ੋਤਮ ਲਾਲ ਦੇ ਸ਼ਰਧਾਂਜਲੀ ਸਮਾਗਮ 'ਚ ਚੌਗਿਰਦੇ ਨੂੰ ਬਚਾਉਣ ਲਈ ਸੱਦਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਜਮਹੂਰੀ ਅਧਿਕਾਰ ਸਭਾ (ਪੰਜਾਬ) ਜ਼ਿਲ੍ਹਾ ਜਲੰਧਰ ਦੇ ਸਕੱਤਰ, ਪੰਜਾਬ ਲੋਕ ਸੱਭਿਆਚਾਰਿਕ ਮੰਚ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਸੱਭਿਆਚਾਰਿਕ ਵਿੰਗ ਅਤੇ ਮੇਲਾ ਗਦਰੀ ਬਾਬਿਆਂ 'ਚ ਦਹਾਇਕਾਂ ਤੋਂ ਸਰਗਰਮ ਭੂਮਿਕਾ ਨਿਭਾਉਂਦੇ ਆ ਰਹੇ ਡਾ. ਮੰਗਤ ਰਾਏ ਦੇ ਜੀਜਾ ਪਰਸ਼ੋਤਮ ਲਾਲ ਦਾ ਸ਼ਰਧਾਂਜਲੀ ਸਮਾਗਮ ਚੌਗਿਰਦੇ ਨੂੰ ਬਚਾਉਣ ਅਤੇ ਬਿਮਾਰੀਆਂ ਦੇ ਖਾਤਮੇ ਲਈ ਵੱਡੀ ਜਨਤਕ ਲਹਿਰ ਪੈਦਾ ਕਰਨ ਦਾ ਸੱਦਾ ਦੇ ਗਿਆ।ਪੰਜਾਬ ਲੋਕ ਸੱਭਿਆਚਾਰਿਕ ਮੰਚ ਦੇ ਸੂਬਾ ਪ੍ਰਧਾਨ ਅਮੋਲਕ ਸਿੰਘ ਨੇ ਪਰਸ਼ੋਤਮ ਲਾਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ 'ਤੇ ਚੱਲਣ ਵਾਲੀਆਂ ਸਰਕਾਰਾਂ ਨੇ ਇੱਥਓਂ ਦੀ ਧਰਤੀ, ਪਾਣੀ ਅਤੇ ਨੂੰ ਪ੍ਰਦੂਸਿਤ ਕਰਕੇ ਲੋਕਾਂ ਨੂੰ ਬਿਮਾਰੀਆਂ ਦੇ ਮੂੰਹ 'ਚ ਧੱਕ ਦਿਤਾ ਹੈ।ਉਨ੍ਹਾਂ ਲੋਕਾਂ ਦੀ ਜ਼ਮੀਰ ਨੂੰ ਝੰਜੋੜਦਿਆ ਕਿਹਾ ਕਿ ਇਹ ਵੇਲਾ ਚੁੱਪ ਕਰਕੇ ਬੈਠਣ ਦਾ ਨਹੀਂ, ਬਲਕਿ ਇਸ ਉੱਪਰ ਗੰਭੀਰ ਚਿੰਤਨ ਕਰਕੇ ਚੌਗਿਰਦੇ ਨੂੰ ਬਚਾਉਣ ਅਤੇ ਬਿਮਾਰੀਆਂ ਦੇ ਖਾਤਮੇ ਲਈ ਮੈਦਾਨ 'ਚ ਆ ਕੇ ਜੂਝਣ ਦਾ ਹੈ। ਇਸ ਮੌਕੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਡਾ. ਜਗਜੀਤ ਸਿੰਘ ਚੀਮਾ, ਮੀਤ ਪ੍ਰਧਾਨ ਜਸਵਿੰਦਰ ਸਿੰਘ ਭੋਗਲ, ਦੇਸ਼ ਭਗਤ ਯਾਦਗਾਰ ਹਾਲ ਦੀ ਕਮੇਟੀ ਵੱਲੋਂ ਸੁਰਿੰਦਰ ਕੁਮਾਰੀ ਕੋਛੜ, ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਾਬਕਾ ਪ੍ਰਧਾਨ ਕਰਨੈਲ ਸਿੰਘ ਸੰਧੂ ਅਤੇ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਜਲੰਧਰ ਦੇ ਸਕੱਤਰ ਦੇਵ ਰਾਜ ਸੁਮਨ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ।

ਕਾਰਪੋਰੇਟੋ ਭਾਰਤ ਛੱਡੋ ਦੇ ਸੱਦੇ ਤਹਿਤ ਸ਼ਹਿਰ 'ਚ ਕੀਤਾ ਰੋਸ ਮਾਰਚ

ਫਿਲੌਰ (ਨਿਰਮਲ) ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਾਰਪੋਰੇਟੋ ਭਾਰਤ ਛੱਡੋ ਦੇ ਸੱਦੇ ਤਹਿਤ ਸ਼ਹਿਰ 'ਚ ਮਾਰਚ ਕੀਤਾ ਗਿਆ। ਇਹ ਸੱਦਾ 9 ਅਗਸਤ 1942 ਅੰਗਰੇਜੋ ਭਾਰਤ ਛੱਡੋ ਦੀ ਵਰ੍ਹੇਗੰਢ ਮੌਕੇ ਦਿੱਤਾ ਗਿਆ ਸੀ। ਇਸ ਮੌਕੇ ਕਿਸਾਨਾਂ ਦੀ ਕੀਤੀ ਇਕੱਤਰਤਾ ਨੂੰ ਜਮਹੂਰੀ ਕਿਸਾਨ ਸਭਾ ਦੇ ਸੰਤੋਖ ਸਿੰਘ ਬਿਲਗਾ, ਜਸਵਿੰਦਰ ਸਿੰਘ ਢੇਸੀ, ਸਰਬਜੀਤ ਸੰਗੋਵਾਲ, ਕੁਲਜੀਤ ਸਿੰਘ, ਕੁਲਵੰਤ ਖਹਿਰਾ, ਕਿਰਤੀ ਕਿਸਾਨ ਯੂਨੀਅਨ ਦੇ ਗੁਰਨਾਮ ਸਿੰਘ ਤੱਗੜ, ਨਿਰਮਲ ਸਿੰਘ ਤੱਗੜ, ਬੀਕੇਯੂ ਰਾਜੇਵਾਲ ਦੇ ਬਲਜੀਤ ਸਿੰਘ ਅਕਲਪੁਰ, ਜਰਨੈਲ ਸਿੰਘ ਮੋਤੀਪੁਰ ਨੇ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਦੇਸ ਦੇ ਹਾਕਮ ਕਾਰਪੋਰੇਟਾਂ ਦੇ ਫਾਇਦੇ 'ਚ ਜਾਣ ਵਾਲੇ ਕਾਨੂੰਨ ਬਣਾਉਂਦੇ ਹਨ। ਜਿਸ ਨਾਲ ਇਨ੍ਹਾਂ ਦੇ ਵਪਾਰ ਤੇ ਮੁਨਾਫੇ ਨਵੀਂਆਂ ਜਰਬਾਂ ਨਾਲ ਅੱਗੇ ਵੱਧਦੇ ਹਨ ਅਤੇ ਆਮ ਲੋਕਾਂ ਲਈ ਰੁਜਗਾਰ ਦੇ ਮੌਕੇ ਘੱਟ ਰਹੇ ਹਨ। ਆਗੂਆਂ ਨੇ ਕਿਹਾ ਕਿ ਕਾਰਪੋਰੇਟਾਂ ਲਈ ਨਵੀਂਆਂ ਸੜਕਾਂ ਤੇ ਨਵੀਆਂ ਲਾਈਨਾਂ ਕੱਢੀਆਂ ਜਾ ਰਹੀਆਂ ਹਨ, ਜਿਸ ਨਾਲ ਇਨ੍ਹਾਂ ਦੇ ਵਪਾਰ ਦੂਣੇ ਹੋਣਗੇ ਅਤੇ ਛੋਟੇ ਦੁਕਾਨਦਾਰ ਖਤਮ ਹੋਣ ਵੱਲ ਦੇ ਹਲਾਤ ਪੈਦਾ ਹੋ ਜਾਣਗੇ। ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪਹਿਲਾ ਹੀ ਹਾਕਮਾਂ ਵੱਲੋਂ ਉਦਾਰੀਕਰਨ ਸੰਸਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਕਾਰਨ ਖੇਤੀ ਘਾਟੇਵੰਦਾ ਧੰਦਾ ਹੋ ਨਿਬੜੀ ਹੈ। ਖੁਦਕਸੀਆਂ ਵੱਧ ਰਹੀਆਂ ਹਨ ਅਤੇ ਆਮ ਕਿਸਾਨ ਖੇਤੀ 'ਚੋਂ ਨਿਕਲ ਕੇ ਸ਼ਹਿਰਾਂ ਵੱਲ ਰੁਜ਼ਗਾਰ ਦੀ ਭਾਲ 'ਚ ਜਾ ਰਹੇ ਹਨ। ਮਾਲ ਕਲਚਰ ਆਉਣ ਤੋਂ ਬਾਅਦ ਕਾਰਪਰੇਟ ਘਰਾਣੇ ਖੇਤੀ ਉਪਜ ਨੂੰ ਵੀ ਸਸਤੇ ਭਾਅ ਖਰੀਦ ਕੇ ਆਪੋ ਆਪਣੇ ਮਾਲਾਂ 'ਚ ਵੇਚਣ ਦੀਆਂ ਵਿਉਂਤਾਂ ਗੁੰਦ ਰਹੇ ਹਨ।

ਬੁਲਾਰਿਆਂ ਨੇ ਕਿਹਾ ਕਿ ਕਾਰਪੋਰਟਾਂ ਦੇ ਭਾਰਤ ਛੱਡ ਜਾਣ ਤੱਕ ਲਗਾਤਾਰ ਸੰਘਰਸ ਜਾਰੀ ਰਹੇਗਾ। ਮਗਰੋਂ ਸ਼ਹਿਰ 'ਚ ਮਾਰਚ ਕਰਕੇ ਆਮ ਲੋਕਾਂ ਨੂੰ ਕਾਰਪੋਰੇਟਾਂ ਖਿਲਾਫ ਲਾਮਬੰਦ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਅਜੈ ਫਿਲੌਰ, ਗੁਰਜੀਤ ਜੀਤਾ, ਤਰਜਿੰਦਰ ਸਿੰਘ ਧਾਲੀਵਾਲ, ਮਨਜਿੰਦਰ ਸਿੰਘ ਢੇਸੀ, ਮੱਖਣ ਸੰਗਰਾਮੀ ਆਦਿ ਹਾਜ਼ਰ ਸਨ।

ਤਰਕਸ਼ੀਲ ਸੁਸਾਇਟੀ ਵੱਲੋਂ ਨਾਗਾਸਾਕੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ

ਜਲੰਧਰ (ਕੇਸਰ) ਤਰਕਸ਼ੀਲ ਸੁਸਾਇਟੀ ਜੋਨ ਜਲੰਧਰ ਦੀ ਇੱਕ ਮੀਟਿੰਗ ਜੋਨ ਪ੍ਰਧਾਨ ਸੁਰਜੀਤ ਟਿੱਬਾ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋਈ ਹੋਈ।ਆਏ ਹੋਏ ਸਾਥੀਆਂ ਨੇ ਅਮਰੀਕੀ ਸਾਮਰਾਜ ਵੱਲੋਂ 6 ਅਗਸਤ ਅਤੇ 9 ਅਗਸਤ 1945 ਵਾਲੇ ਦੋ ਦਿਨਾਂ ਵਿਚ ਕ੍ਰਮ ਵਾਰ 150000 ਅਤੇ 246000 ਨਿਰਦੋਸ਼ ਸ਼ਹਿਰੀ ਸਕਿੰਟਾਂ ਵਿਚ ਹੀ ਮਾਰਨ ਦਾ ਗੁਨਾਹ ਕੀਤਾ ਜਿਸ ਨੂੰ ਕਦੇ ਵੀ ਮਾਫ ਨਹੀਂ ਕੀਤਾ ਜਾ ਸਕਦਾ।ਰੂਸ ਦੀਆਂ ਫੌਜਾਂ ਅੱਗੇ ਜਾਪਾਨ ਆਤਮ ਸਮਰਪਣ ਕਰਨ ਵਾਲਾ ਹੀ ਸੀ ਕਿ ਦੋ ਐਟਮ ਬੰਬ ਅਮਰੀਕਾ ਨੇ ਕੇਵਲ ਇਸ ਲਈ ਚਲਾਏ ਤਾਂ ਕਿ ਸੰਸਾਰ ਨੂੰ ਦੱਸਿਆ ਜਾ ਸਕੇ ਕਿ ਅਮਰੀਕਾ ਸਭ ਤੋਂ ਸ਼ਕਤੀਸ਼ਾਲੀ ਰਾਸ਼ਟਰ ਹੈ।ਚਿੰਤਾ ਦਾ ਵਿਸ਼ਾ ਇਹ ਹੈ ਸਾਰੇ ਸੰਸਾਰ ਦੇ ਲੋਕਾਂ ਦੀ ਇੱਛਾ ਦੇ ਉਲਟ ਜਾ ਕੇ ਇਹ ਹੁਣ ਵੀ ਰਾਜ ਪਲਟੇ ਕਰਵਾ ਰਿਹਾ ਹੈ ਅਤੇ ਸੰਸਾਰ ਦੇ ਕਿਸੇ ਨਾ ਕਿਸੇ ਖਿੱਤੇ ਵਿਚ ਆਪਣੀ ਚੌਧਰ ਲਈ ਜੰਗ ਲਗਵਾ ਦੇਂਦਾ ਹੈ ਅਤੇ ਅਜਿਹੇ ਹਾਲਾਤ ਬਣਾ ਰਿਹਾ ਹੈ ਜਿਸ ਨਾਲ ਕੋਈ ਦੇਸ਼ ਐਟਮ ਬੰਬ ਦਾ ਬਟਨ ਦਬਾ ਸਕਦਾ ਹੈ ਅਤੇ ਸੰਸਾਰ ਨੂੰ ਐਟਮੀ ਤਬਾਹੀ ਵੱਲ ਧੱਕ ਸਕਦਾ ਹੈ।ਸੰਸਾਰ ਨੂੰ ਜੰਗਾ ਤੋਂ ਬਚਾਉਣ ਲਈ ਇਨਕਲਾਬ ਹੀ ਸਹੀ ਰਸਤਾ ਹੈ ਜਿਸ 'ਤੇ ਚੱਲ ਕੇ ਭਾਈਚਾਰਕ ਸਾਂਝ ਅਤੇ ਮੁਹੱਬਤ ਦਾ ਪੈਗਾਮ ਦਿੱਤਾ ਜਾ ਸਕਦਾ ਹੈ।ਮੀਟਿੰਗ ਵਿੱਚ ਜੋਨ ਦੀਆਂ ਸਾਰੀਆਂ ਇਕਾਈਆਂ ਦੇ ਪ੍ਰਧਾਨ, ਸਕੱਤਰ ਅਤੇ ਹੋਰ ਮੈਂਬਰ ਹਾਜ਼ਰ ਸਨ।

ਲੋਕਾਂ ਨੂੰ ਸੱਦ ਕੇ ਮੰਤਰੀ ਜੀ ਨਾ ਪਹੁੰਚੇ

ਖਰੜ (ਹਰਨਾਮ ਸਿੰਘ ਡੱਲਾ) ਨਿਊ ਸੰਨੀ ਇਨਕਲੇਬ ਸੈਕਟਰ 123 ਮੋਹਾਲੀ/ਖਰੜ ਦੀ ਰੇਜੀਡੈਂਟ ਵੈਲਫੇਅਰ ਐਸੋਸੀਏਸਨ ਦੇ ਪ੍ਰਧਾਨ ਕਮਲਜੀਤ ਸਿੰਘ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਸਰਕਾਰ ਨਾਲ ਨਰਾਜਗੀ ਜਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕੈਬਿਨਟ ਮੰਤਰੀ ਅਨਮੋਲ ਗਗਨ ਮਾਨ ਵਲੋਂ ਸੱਦਾ ਪੱਤਰ ਭੇਜ ਕੇ 6 ਅਤੇ 7 ਅਗਸਤ ਨੂੰ ਸਥਾਨਕ ਰੈਸਟ ਹਾਊਸ ਵਿਖੇ ਉਨ੍ਹਾਂ ਦੀਆਂ ਮੁਸਕਲਾਂ ਸੁਣਨ ਲਈ ਬੁਲਾਇਆ ਗਿਆ ਸੀ। ਉਹ ਅਤੇ ਉਨ੍ਹਾਂ ਦੀ ਐਸੋਸੀਏਸ਼ਨ ਦੇ ਮੈਂਬਰ ਜਦੋਂ ਰੈਸਟ ਹਾਊਸ ਖਰੜ ਪਹੁੰਚੇ ਤਾਂ ਉੱਥੋਂ ਛਾਂ-ਮਿਆਨਾਂ ਪੁੱਟਿਆ ਜਾ ਰਿਹਾ ਸੀ ਅਤੇ ਕੋਈ ਜ਼ਿੰਮੇਵਾਰ ਅਫਸਰ ਜਾਂ ਆਮ ਆਦਮੀ ਪਾਰਟੀ ਦਾ ਕੋਈ ਆਗੂ ਉੱਥੇ ਮੌਜੂਦ ਨਹੀਂ ਸੀ। ਇਸ ਸੰਬੰਧੀ ਜਾਣਕਾਰੀ ਲੈਣ ਲਈ ਜਦੋਂ ਆਮ ਆਦਮੀ ਪਾਰਟੀ ਦੇ ਸਥਾਨਕ ਆਗੂ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਹਾਕਮ ਸਿੰਘ ਵਾਲੀਆਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਵੱਲੋਂ ਵੀ ਹੈਰਾਨੀ ਪ੍ਰਗਟ ਕਰਦਿਆਂ ਮੰਤਰੀ ਦੇ ਆਉਣ ਬਾਰੇ ਕੋਈ ਜਾਣਕਾਰੀ ਨਾ ਹੋਣ ਬਾਰੇ ਦੱਸਿਆ। ਇਸ ਤਰ੍ਹਾਂ ਲੋਕ ਹੈਰਾਨ ਹੋ ਕੇ ਆਪੋ ਆਪਣੇ ਘਰ ਨੂੰ ਵਾਪਸ ਚਲੇ ਗਏ। ਜਦੋਂਕਿ ਸਰਕਾਰ ਦਾਅਵੇ ਕਰਦੀ ਆ ਰਹੀ ਹੈ ਕਿ ਸਰਕਾਰ ਲੋਕਾਂ ਦੇ ਦੁਆਰ ਆ ਕੇ ਸਮੱਸਿਆਵਾਂ ਦੂਰ ਕਰਨ ਲਈ ਬਚਨਬੱਧ ਹੈ। ਚੇਤੇ ਰਹੇ ਕਿ ਸੈਕਟਰ 123 ਦੇ ਲੋਕ ਪੁੱਡਾ ਅਧਿਕਾਰੀਆਂ ਨੂੰ ਲਗਾਤਾਰ ਮਿਲ ਕੇ ਉਨ੍ਹਾਂ ਦੀਆਂ ਸੜਕਾਂ, ਪਾਣੀ ਸਪਲਾਈ, ਸੀਵਰੇਜ ਅਤੇ ਨਾਕਸ ਬਿਜਲੀ ਪ੍ਰਬੰਧਾਂ ਬਾਰੇ ਜਾਣੂ ਕਰਵਾਉਂਦੇ ਆ ਰਹੇ ਹਨ। ਪਰ ਉਨ੍ਹਾਂ ਦੀਆਂ ਸਮੱਸਿਆਂਵਾਂ ਜਿਉਂ ਦੀਆਂ ਤਿਉਂ ਹਨ।

ਸਰਬੱਤ ਦੇ ਭਲੇ ਲਈ ਸਮਾਗਮ 'ਚ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਭਰੀ ਹਾਜ਼ਰੀ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਡੇਰਾ ਬ੍ਰਹਮਲੀਨ ਸੰਤ ਪਾਖਰ ਸਿੰਘ ਡੀਗਰੀਆਂ ਵਿਖੇ ਸਰਬੱਤ ਦੇ ਭਲੇ ਲਈ ਸਮਰਪਿਤ ਮਹਾਨ ਸਮਾਗਮ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮੌਜੂਦਾ ਗੱਦੀ ਨਸ਼ੀਨ ਸੰਤ ਬਲਵੰਤ ਸਿੰਘ ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੀ ਅਗਵਾਈ ਹੇਠ ਬੜੀ ਸ਼ਰਧਾ ਪੂਰਵਕ ਮਨਾਏ ਗਏ।

ਪਹਿਲਾਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਰਾਗੀ, ਢਾਡੀ, ਕਥਾਵਾਚਕ ਅਤੇ ਵੱਖ-ਵੱਖ ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਜਨਰਲ ਸਕੱਤਰ ਸੰਤ ਇੰਦਰ ਦਾਸ ਸ਼ੇਖੇ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਬਲਵੀਰ ਦਾਸ ਡੇਰਾ ਮਹਾਨ ਪੁਰੀ ਸਾਹਰੀ, ਸੰਤ ਪ੍ਰਦੀਪ ਦਾਸ ਢਹਿਪੁਰ, ਸੰਤ ਧਰਮਪਾਲ ਸ਼ੇਰਗੜ, ਸੰਤ ਮਨਜੀਤ ਦਾਸ ਹਿਮਾਚਲ, ਸੰਤ ਹਰਚਰਨ ਦਾਸ ਸ਼ਾਮ ਚੌਰਾਸੀ, ਸੰਤ ਜਗੀਰ ਸਿੰਘ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ, ਸੰਤ ਜਸਵੀਰ ਸਿੰਘ ਮਾਛੀਵਾੜਾ, ਸੰਤ ਅਜੀਤ ਸਿੰਘ ਮੇਹਲਾਂ ਗੇਹਲਾਂ, ਸੰਤ ਗੁਰਪਾਲ ਸਿੰਘ ਕਲਸੀ ਰਾਗੀ ਜਥਾ, ਮਲਕੀਤ ਸਿੰਘ ਖਾਨਪੁਰ ਰਾਗੀ ਜਥਾ, ਸੰਤ ਜਨਕ ਸਿੰਘ ਸੰਤ ਸਰਵਣ ਸਿੰਘ, ਸੰਤ ਸਤਨਾਮ ਸਿੰਘ ਨਰੂੜ, ਸੰਤ ਨਿਰਮਲ ਸਿੰਘ ਢੇਹੈ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, ਸੰਤ ਬੀਬੀ ਕਮਲੇਸ਼ ਕੌਰ ਨਾਹਲਾਂ ਆਦਿ ਸੰਤਾਂ ਮਹਾਂਪੁਰਸ਼ਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਡੇਰੇ ਦੇ ਗੱਦੀ ਨਸ਼ੀਨ ਸੰਤ ਬਲਵੰਤ ਸਿੰਘ, ਸੰਤ ਬੀਬੀ ਨਰੇਸ਼ ਕੁਮਾਰੀ ਵੱਲੋਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਦਾ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਅਤੇ ਧੰਨਵਾਦ ਕੀਤਾ।ਸਟੇਜ ਸਕੱਤਰ ਦੀ ਸੇਵਾ ਡਾ. ਓਮ ਪ੍ਰਕਾਸ਼ ਨੇ ਨਿਭਾਈ।ਇਸ ਮੌਕੇ ਸੇਵਾਦਾਰ ਨਿਰਮਲ ਸਿੰਘ, ਗੁਰਮੇਲ ਸਿੰਘ, ਮਹਿੰਦਰ ਪਾਲ ਸੋਮੂ ਹੰਸ ਰਾਜ, ਹਰਬੰਸ ਸਿੰਘ, ਕੁਲਦੀਪ

10-AUG-PAGE-10.qxd 8/9/2024 9:29 PM Page 1

ਨੈਸ਼ਨਲ ਹਾਈਵੇ ਦੀ ਉਸਾਰੀ ਨੇ ਫ਼ਸਲਾਂ ਨੂੰ ਪਹੁੰਚਾਇਆ ਨੁਕਸਾਨ, ਕਿਸਾਨਾਂ ਨੇ ਕਰਾਇਆ ਕੰਮ ਬੰਦ

ਨੈਸ਼ਨਲ ਹਾਈਵੇ ਦਾ ਕੰਮ ਬੰਦ ਕਰਾ ਕੇ ਰੋਸ ਜ਼ਾਹਰ ਕਰਦੇ ਹੋਏ ਕਿਸਾਨ।

ਮਲੋਟ (ਗੁਰਮੀਤ ਸਿੰਘ ਮੱਕੜ)

ਦਿੱਲੀ-ਅਬੋਹਰ ਨੈਸ਼ਨਲ ਹਾਈਵੇ ਰੋਡ ਦਾ ਮਲੋਟ ਤੋਂ ਅਬੋਹਰ ਰੋਡ ਲਈ ਬਾਈਪਾਸ ਕੱਢਿਆ ਜਾ ਰਿਹਾ ਹੈ, ਜਿਸ ਦੇ ਚੱਲ ਰਹੇ ਕੰਮ ਤੋਂ ਰਸਤੇ ਵਿਚ ਆਉਂਦੇ ਪਿੰਡ ਕਰਮਗੜ੍ਹ ਦੇ ਕਿਸਾਨ ਜਿਨ੍ਹਾਂ ਦੀ ਜ਼ਮੀਨ ਇਸ ਬਾਈਪਾਸ ਨਾਲ ਲੱਗਦੀ ਹੈ, ਉਹ ਇਸ ਬਾਈਪਾਸ ਦੇ ਕੰਮ ਤੋਂ ਡਾਢੇ ਪ੍ਰੇਸ਼ਾਨ ਹਨ, ਜਿਨ੍ਹਾਂ ਵੱਲੋਂ ਬਾਈਪਾਸ ਦੇ ਚੱਲ ਰਹੇ ਕੰਮ ਨੂੰ ਬੰਦ ਕਰਾ ਕੇ ਰੋਸ ਪ੍ਰਗਟ ਕੀਤਾ ਹੈ।

ਕਰਮਗੜ੍ਹ ਦੇ ਰੋਸ ਪ੍ਰਗਟ ਕਰ ਰਹੇ ਕਿਸਾਨਾਂ ਨੇ ਦੱਸਿਆ ਕਿ ਜਿੰਨੀ ਜ਼ਮੀਨ ਐੱਨ.ਐੱਚ.ਆਈ ਨੇ ਖਰੀਦੀ ਹੈ, ਉਸ ਦੀ ਨਿਸ਼ਾਨਦੇਹੀ ਕੀਤੀ ਹੋਈ ਹੈ, ਪ੍ਰੰਤੂ ਚੱਲ ਰਹੇ ਕੰਮ ਦੌਰਾਨ ਉਨ੍ਹਾਂ ਵੱਲੋਂ ਵਰਤੇ ਜਾ ਰਹੇ ਮਟੀਰੀਅਲ ਤੋਂ ਇਲਾਵਾ ਮਿੱਟੀ ਵੀ ਉਨ੍ਹਾਂ ਦੇ ਖੇਤਾਂ ਵਿਚ ਆਉਣ ਕਰਕੇ ਉਨ੍ਹਾਂ ਦੀਆਂ ਫਸਲਾਂ ਦਾ ਨੁਕਸਾਨ ਹੋ ਰਿਹਾ ਹੈ ਅਤੇ ਬਾਰਿਸ਼ ਦੌਰਾਨ ਪੁੱਲ ਦੀ ਮਿੱਟੀ ਅਤੇ ਪਾਣੀ ਖੇਤਾਂ ਵਿਚ ਆ ਕੇ ਨੁਕਸਾਨ ਕਰ ਰਿਹਾ ਹੈ। ਦੂਜੇ ਪਾਸੇ ਬਣ ਰਹੇ ਬਾਈਪਾਸ ਦੇ ਐੱਨ.ਐੱਚ.ਆਈ ਦੇ ਅਧਿਕਾਰੀਆਂ ਨੇ ਦੱਸਿਆ ਕਿ ਥੋੜ੍ਹੀ ਬਹੁਤੀ ਮਿੱਟੀ ਕਿਸਾਨਾਂ ਦੇ ਖੇਤਾਂ ਵਿਚ ਜਾ ਰਹੀ ਹੈ, ਇਸ ਮਿੱਟੀ ਨੂੰ ਅਤੇ ਪਾਣੀ ਨੂੰ ਰੋਕਣ ਲਈ ਆਸ ਪਾਸ ਬੋਰ ਕੀਤੇ ਜਾ ਰਹੇ ਹਨ ਅਤੇ ਥੋੜ੍ਹੇ ਸਮੇਂ ਤੱਕ ਇਸ ਸਮੱਸਿਆ ਦਾ ਹੱਲ ਹੋ ਜਾਵੇਗਾ ਅਤੇ ਅਕਤੂਬਰ ਮਹੀਨੇ ਤੱਕ ਕੰਮ ਪੂਰਾ ਹੋ ਜਾਵੇਗਾ। ਇਸ ਤੋਂ ਇਲਾਵਾ ਰਹੀ ਗੱਲ ਕਿਸਾਨਾਂ ਦੇ ਫ਼ਸਲਾਂ ਦੇ ਨੁਕਸਾਨ ਦੀ ਇਸ ਬਾਬਤ ਐੱਨ.ਐੱਚ.ਆਈ ਨਾਲ ਗੱਲ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਪਟਵਾਰੀਆਂ ਨੇ ਮਸਲੇ ਵਿਚਾਰੇ

ਮਾਲੇਰਕੋਟਲਾ (ਅਸਗਰ ਪਰਿਹਾਰ)-ਦੀ ਰੈਵੀਨਿਊ ਪਟਵਾਰ ਯੂਨੀਅਨ ਜ਼ਿਲ੍ਹਾ ਮਲੇਰਕੋਟਲਾ ਦੀ ਇੱਕ ਅਹਿਮ ਮੀਟਿੰਗ ਸੈਂਟਰਲ ਪਟਵਾਰ ਭਵਨ ਮਲੇਰਕੋਟਲਾ ਵਿਖੇ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਛੋਕਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਪ੍ਰਧਾਨ ਹਰਵੀਰ ਸਿੰਘ ਢੀਂਡਸਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਵਿੱਚ ਬਹੁ-ਗਿਣਤੀ 'ਚ ਪਟਵਾਰੀ ਸਾਹਿਬਾਨ ਹਾਜ਼ਰ ਸਨ। ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਨੇ ਕਿਹਾ ਕਿ ਅਧਿਕਾਰੀਆਂ ਵੱਲੋਂ ਪਟਵਾਰੀਆਂ ਨੂੰ ਕਿਸੇ ਵੀ ਕੰਮ ਨੂੰ ਕਰਨ ਲਈ ਸਮਾਂ ਦਿੱਤਾ ਜਾਵੇ, ਇੱਕੋ ਟਾਇਮ 'ਚ ਵੱਖ ਵੱਖ ਅਧਿਕਾਰੀਆਂ ਵੱਲੋਂ ਇੱਕ ਪਟਵਾਰੀ ਨੂੰ ਵੱਖ ਵੱਖ ਕੰਮ ਦੇ ਕੇ ਪਟਵਾਰੀ ਨੂੰ ਹਰਾਸਮੈਂਟ ਨਾ ਕੀਤਾ ਜਾਵੇ, ਜ਼ਿਲ੍ਹੇ ਵਿੱਚ ਰਿਟਾਇਰ ਪਟਵਾਰੀ ਤੇ ਕਾਨੂੰਗੋ ਸਾਹਿਬਾਨ ਦੇ ਜੋ ਲੈਪਟਾਪ ਏ.ਐੱਸ.ਐੱਮ. ਪਾਸ ਜਮ੍ਹਾਂ ਹਨ, ਉਹ ਨਵੇਂ ਪਟਵਾਰੀਆਂ ਨੂੰ ਤੁਰੰਤ ਅਲਾਟ ਕਰਵਾਏ ਜਾਣ, ਮੌਜੂਦਾ ਸਮੇਂ ਵਿੱਚ ਜ਼ਿਲ੍ਹੇ ਅੰਦਰ 66 ਪਟਵਾਰ ਸਰਕਲਾਂ 'ਤੇ ਕੁੱਲ 22 ਪਟਵਾਰੀ ਕੰਮ ਕਰ ਰਹੇ ਹਨ, ਇਸ ਲਈ ਵਧੀਆ ਕੰਮ ਕਰਨ ਵਾਲੇ ਪਟਵਾਰੀਆਂ ਨੂੰ ਇਸ ਵਾਰ 15 ਅਗਸਤ ਮੌਕੇ ਸਨਮਾਨਤ ਕਰਕੇ ਉਨ੍ਹਾਂ ਦਾ ਮਨੋਬਲ ਵਧਾਇਆ ਜਾਵੇ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਹਰਦੀਪ ਸਿੰਘ ਮੰਡੇਰ, ਤਹਿਸੀਲ ਪ੍ਰਧਾਨ ਹਰਜੀਤ ਸਿੰਘ ਰਾਹੀ, ਪਟਵਾਰੀ ਹਰਵੀਰ ਸਿੰਘ ਸਰਵਾਰੇ, ਅਬਦੁਲ ਰਸ਼ੀਦ, ਮਹਾਂਵੀਰ ਗੋਇਲ, ਸਾਹਿਲ ਪਨਵਾਰ, ਸੁਮਨਪ੍ਰੀਤ ਸਿੰਘ, ਸਿਮਰਨਜੀਤ ਕੌਰ, ਕਾਨੂੰਗੋ ਅਜੇ ਕੁਮਾਰ, ਪਰਮਜੀਤ ਸਿੰਘ, ਕਰਨ ਅਜੇਪਾਲ, ਦੁਸ਼ਯੰਤ ਸਿੰਘ, ਮਲਕੀਤ ਸਿੰਘ, ਸੁਰਿੰਦਰ ਸਿੰਘ, ਗੁਰਿੰਦਰਜੀਤ ਸਿੰਘ, ਮਨਦੀਪ ਕੌਰ ਆਦਿ ਹਾਜ਼ਰ ਸਨ।

ਯੂਰੋ ਕਿਡਜ ਪਲੇਵੇਅ ਤੇ ਕਾਨਵੈਂਟ ਬੈਰੀ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ

ਦੋਰਾਹਾ (ਹਰਮਿੰਦਰ ਸੇਠ)

ਯੂਰੋ ਕਿਡਜ਼ ਪਲੇਵੇ ਤੇ ਡ੍ਰੀਮ ਬੇਰੀ ਕਾਨਵੈਂਟ ਸਕੂਲ ਵਿਖੇ ਚੇਅਰਮੈਨ ਜਤਿੰਦਰ ਸ਼ਰਮਾ, ਡਾਇਰੈਕਟਰ ਨੀਰਜ ਸ਼ਰਮਾ, ਸੁਮਨ ਸ਼ਰਮਾ, ਸੋਨੀਆ ਸ਼ਰਮਾ, ਰਜਤ ਸ਼ਰਮਾ, ਸ਼ੁਭਮ ਸ਼ਰਮਾ, ਪ੍ਰਿੰਸੀਪਲ ਸੁਰਿੰਦਰ ਕੌਰ ਦੀ ਯੋਗ ਅਗਵਾਈ ਵਿੱਚ ਤੀਆਂ ਦਾ ਤਿਉਹਾਰ ਸੱਭਿਆਚਾਰਕ ਤੌਰ ਤਰੀਕਿਆਂ ਨਾਲ ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਸ਼੍ਰੀਮਤੀ ਡਾਇਰੈਕਟਰ ਨੀਰਜ ਸ਼ਰਮਾ ਤੇ ਸਮੁੱਚੇ ਸਟਾਫ਼ ਕੋਆਰਡੀਨੇਟਰਜ਼ ਦੀ ਮੌਜੂਦਗੀ ਵਿੱਚ ਜੋਤੀ ਪ੍ਰਜਵੱਲਿਤ ਕਰਕੇ ਕੀਤੀ ਗਈ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਭੰਗੜਾ, ਗਿੱਧਾ, ਬੋਲੀਆਂ ਤੇ ਕਿੱਕਲੀ ਦੇਖਣਯੋਗ ਸਨ। ਵਿਦਿਆਰਥਣਾਂ ਦਾ ਮਹਿੰਦੀ ਕੰਪੀਟੀਸ਼ਨ ਵੀ ਕਰਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਬਹੁਤ ਹੀ ਸੋਹਣੇ ਤੇ ਸੁਚੱਜੇ ਢੰਗ ਨਾਲ ਆਪਣੀ ਪੇਸ਼ਕਾਰੀ ਨੂੰ ਪੇਸ਼ ਕੀਤਾ।

ਡਾਇਰੈਕਟਰ ਸ਼੍ਰੀਮਤੀ ਨੀਰਜ ਸ਼ਰਮਾ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਤੀਜ ਦੇ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਸਾਉਣ ਮਹੀਨੇ ਦੇ ਮਹੱਤਵ ਬਾਰੇ ਦੱਸਿਆ ਗਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਰਜਤ ਸ਼ਰਮਾ ਨੇ ਸਾਰਿਆਂ ਨੂੰ ਤਿਉਹਾਰ ਦੀ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਤਿਉਹਾਰ ਸਾਨੂੰ ਸਭ ਨੂੰ ਨਵੀਂ ਊਰਜਾ ਤੇ ਖ਼ੁਸ਼ੀਆਂ ਦਿੰਦੇ ਹਨ।ਉਨ੍ਹਾਂ ਸਾਉਣ ਮਹੀਨੇ ਬਾਰੇ ਵੀ ਚਾਨਣਾ ਪਾ ਕੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਸਕੂਲ ਵਿੱਚ ਸਮੇਂ-ਸਮੇਂ ਤੇ ਪੁਰਾਤਨ ਤਿਉਹਾਰਾਂ ਨੂੰ ਮਨਾਇਆ ਜਾਂਦਾ ਹੈ ਅਤੇ ਵਿਦਿਆਰਥੀਆਂ ਨੂੰ ਪੁਰਾਤਨ ਪਰੰਪਰਾਵਾਂ ਨਾਲ ਜੋੜ ਕੇ ਰੱਖਿਆ ਜਾਂਦਾ ਹੈ ਤਾਂ ਜੁ ਸਾਡਾ ਪੰਜਾਬੀ ਵਿਰਸਾ ਕਾਇਮ ਰਹੇ।

ਐੱਸ ਆਰ ਐੱਸ ਵਿੱਦਿਆਪੀਠ ਨੇ ਕੀਤਾ ਦੂਜਾ ਸਥਾਨ ਹਾਸਲ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਪਬਲਿਕ ਕਾਲਜ ਸਮਾਣਾ ਵਿੱਚ ਹੋਏ ਜ਼ੋਨਲ ਟੂਰਨਾਮੈਂਟ ਵਿੱਚ ਵਾਲੀਬਾਲ (ਅੰਡਰ-14 ਤੇ ਅੰਡਰ 17 ਮੁੰਡਿਆਂ) ਅਤੇ ਸੇਂਟ ਥੈਰੇਸਾ ਕਾਨਵੈਂਟ ਸਕੂਲ ਵਿੱਚ ਚੌਸ ਅੰਡਰ -19 ਕੁੜੀਆਂ ਦਾ ਖੇਡ ਮੁਕਾਬਲਾ ਕਰਾਇਆ ਗਿਆ।ਖੇਡ ਮੁਕਾਬਲੇ ਵਿੱਚ ਕਈ ਸਕੂਲਾਂ ਨੇ ਭਾਗ ਲਿਆ, ਜਿਸ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਦੇ ਵਿਦਿਆਰਥੀਆਂ ਨੇ ਵੀ ਵਧ-ਚੜ੍ਹ ਕੇ ਹਿੱਸਾ ਲਿਆ।ਇਨ੍ਹਾਂ ਵਿਦਿਆਰਥੀਆਂ ਨੇ ਫਾਈਨਲ ਵਿੱਚ ਸਖ਼ਤ ਮੁਕਾਬਲਾ ਦਿੰਦਿਆਂ ਹੋਇਆਂ ਦੂਜਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਤੇ ਮਾਤਾ-ਪਿਤਾ ਨਾਂਅ ਰੌਸ਼ਨ ਕੀਤਾ।ਇਸ ਮੌਕੇ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ, ਚੇਅਰਮੈਨ ਅਮਿਤ ਸਿੰਗਲਾ ਤੇ ਸੈਕਟਰੀ ਲਲਿਤ ਸਿੰਗਲਾ ਨੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਸਫ਼ਲਤਾ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਅਜਿਹੇ ਖੇਡ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਪ੍ਰਧਾਨ ਮੰਤਰੀ ਦੇ ਨਾਂਅ ਮੰਗ ਪੱਤਰ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-ਪੰਜਾਬ ਖੇਤ ਮਜ਼ਦੂਰ ਸਭਾ, ਸਬੰਧਤ ਭਾਰਤੀ ਖੇਤ ਮਜ਼ਦੂਰ ਯੂਨੀਅਨ, ਜ਼ਿਲ੍ਹਾ ਫ਼ਰੀਦਕੋਟ ਵੱਲੋਂ ਜਥੇਬੰਦੀ ਦੇ ਸੱਦੇ 'ਤੇ ਕੇਂਦਰੀ ਬਜਟ ਵਿੱਚ ਗ਼ਰੀਬ ਵਰਗ ਲਈ ਲੋੜੀਂਦੇ ਫੰਡ ਨਾ ਰੱਖੇ ਜਾਣ ਕਰਕੇ ਦੇਸ਼ ਵਿਆਪੀ ਰੋਸ ਦਿਵਸ ਮਨਾਇਆ ਗਿਆ।ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਸਾਬਕਾ ਸਰਪੰਚ ਜਗਤਾਰ ਸਿੰਘ ਭਾਣਾ ਤੇ ਮਾਸਟਰ ਗੁਰਚਰਨ ਸਿੰਘ ਮਾਨ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਨੂੰ ਪ੍ਰਧਾਨ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ।ਆਗੂਆਂ ਨੇ ਦੱਸਿਆ ਕਿ ਮੋਦੀ ਸਰਕਾਰ ਦੇ ਹਰ ਬਜਟ ਵਾਂਗ ਇਸ ਬਜਟ ਨੇ ਵੀ ਆਰਥਿਕ ਪਾੜਾ ਹੋਰ ਵਧਾਉਣ ਵਾਲਾ ਕੰਮ ਕੀਤਾ ਹੈ।ਦਲਿਤ ਤੇ ਹਾਸ਼ੀਏ ਤੇ ਪਹੁੰਚੇ ਗਰੀਬ ਵਰਗ ਦੀ ਆਰਥਿਕ ਹਾਲਤ ਸੁਧਾਰਨ ਲਈ ਇਸ ਬਜਟ ਵਿਚ ਕੋਈ ਪ੍ਰਬੰਧ ਨਹੀਂ ਕੀਤਾ ਗਿਆ।ਜਥੇਬੰਦੀ ਵੱਲੋਂ ਮੰਗ ਕੀਤੀ ਗਈ ਕਿ ਮਨਰੇਗਾ ਦੇ ਬਜਟ ਵਿੱਚ ਵਾਧਾ ਕੀਤਾ ਜਾਵੇ, ਪਬਲਿਕ ਸੈਕਟਰ ਦੇ ਨਿਜੀਕਰਨ ਦੀ ਨੀਤੀ ਰੱਦ ਕੀਤੀ ਜਾਵੇ, ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਅਬਾਦੀ ਦੇ ਅਨੁਪਾਤ ਵਿੱਚ ਫੰਡ ਰੱਖਿਆ ਜਾਵੇ ਅਤੇ ਦਲਿਤਾਂ 'ਤੇ ਹੁੰਦੇ ਅੱਤਿਆਚਾਰਾਂ ਨੂੰ ਸਖਤੀ ਨਾਲ ਰੋਕਿਆ ਜਾਵੇ।

'ਕਰ ਭਲਾ ਹੋ ਭਲਾ' ਵੱਲੋਂ ਅਪੰਗ ਔਰਤ ਨੂੰ ਟਰਾਈ ਸਾਈਕਲ ਭੇਟ

ਜਗਰਾਉਂ (ਅਮਿਤ ਖੰਨਾ)-ਜਗਰਾਉਂ ਦੇ ਨੌਜਵਾਨਾਂ ਦੀ ਸਮਾਜ ਸੇਵੀ ਸੰਸਥਾ 'ਕਰ ਭਲਾ ਹੋ ਭਲਾ' ਵੱਲੋਂ ਗੌਰਮਿੰਟ ਪ੍ਰਾਇਮਰੀ ਸਕੂਲ ਬੁਆਏ ਪੁਰਾਣੀ ਘਾਹ ਮੰਡੀ ਨੂੰ ਓਪਨ ਜਿੰਮ ਦੇ ਲਈ ਸਮਾਨ ਦੇਣ ਦੇ ਨਾਲ ਇੱਕ ਅਪੰਗ ਮਹਿਲਾ ਨੂੰ ਟਰਾਈ ਸਾਈਕਲ ਵੀ ਭੇਟ ਕੀਤਾ ਗਿਆ। ਇਸ ਮੌਕੇ 'ਕਰ ਭਲਾ ਹੋ ਭਲਾ' ਸੁਸਾਇਟੀ ਦੇ ਚੇਅਰਮੈਨ ਅਮਿਤ ਅਰੋੜਾ ਤੇ ਪ੍ਰਧਾਨ ਰਜਿੰਦਰ ਜੈਨ ਕਾਕਾ ਨੇ ਦੱਸਿਆ ਕਿ ਡਾਕਟਰ ਅਸ਼ੋਕ ਗੁਪਤਾ ਯੂ ਐਸ ਏ ਦੀ ਮਦਦ ਨਾਲ ਗੰਰਮਿੰਟ ਪ੍ਰਾਇਮਰੀ ਸਕੂਲ ਬੁਆਏ ਪੁਰਾਣੀ ਘਾਹ ਮੰਡੀ ਨੂੰ ਬੱਚਿਆਂ ਦੀ ਕਸਰਤ ਲਈ ਜਿੱਥੇ ਓਪਨ ਜਿਮ ਵਾਸਤੇ ਲੋੜੀਂਦਾ ਸਮਾਨ ਦਿੱਤਾ ਗਿਆ ਹੈ, ਉਥੇ ਇੱਕ ਅਪੰਗ ਮਹਿਲਾ ਨੂੰ ਟਰਾਈ ਸਾਈਕਲ ਦਿੱਤਾ ਗਿਆ ਹੈ ਤਾਂ ਜੁ ਉਹ ਆਪਣੀ ਜ਼ਿੰਦਗੀ ਨੂੰ ਚੰਗੀ ਤਰ੍ਹਾਂ ਬਸਰ ਕਰ ਸਕੇ। ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ ਜਿੱਥੇ ਜ਼ਰੂਰਤਮੰਦ ਵਿਅਕਤੀਆਂ ਨੂੰ ਭਰ ਪੇਟ ਭੋਜਨ ਮੁਹੱਈਆ ਕਰਾਉਣ ਲਈ 10 ਰੁਪਏ ਵਿੱਚ ਥਾਲੀ ਦਿੱਤੀ ਜਾ ਰਹੀ ਹੈ, ਉਥੇ ਜ਼ਰੂਰਤਮੰਦ ਪਰਵਾਰਾਂ ਨੂੰ ਹਰੇਕ ਮਹੀਨੇ ਸੁੱਕਾ ਰਾਸ਼ਨ ਦੇਣ ਤੋਂ ਇਲਾਵਾ ਹੋਰ ਵੀ ਕਈ ਸਮਾਜ ਸੇਵਾ ਦੇ ਕੰਮ ਕੀਤੇ ਜਾ ਰਹੇ ਹਨ। ਇਸ ਮੌਕੇ ਮੁੱਖ ਮਹਿਮਾਨ ਰਾਜੂ ਗੁਪਤਾ ਨੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਤਾਰੀਫ਼ ਕਰਦਿਆਂ ਸੁਸਾਇਟੀ ਨੂੰ ਭਵਿੱਖ ਵਿਚ ਸਹਿਯੋਗ ਦੇਣ ਦਾ ਵਾਅਦਾ ਕੀਤਾ।

ਮੰਦਰ 'ਚੋਂ ਚਾਂਦੀ ਦੇ ਪੱਤਰੇ ਚੋਰੀ ਕਰਨ ਵਾਲੇ ਪੁਲਸ ਵੱਲੋਂ 24 ਘੰਟੇ 'ਚ ਕਾਬੂ

ਸਮਰਾਲਾ (ਸੁਰਜੀਤ ਸਿੰਘ)-ਬੀਤੇ ਦਿਨ ਸਥਾਨਕ ਡੱਬੀ ਬਾਜ਼ਾਰ ਵਾਲੇ ਸ੍ਰੀ ਰਾਮੇਸ਼ਵਰ ਮਹਾਦੇਵ ਮੰਦਰ ਵਿੱਚ ਭਗਵਾਨ ਸ਼ਿਵ ਦੀ ਆਰਤੀ ਲਈ ਸਥਾਪਤ ਕੀਤੇ ਸ਼ਿਵ ਲਿੰਗ ਦੇ ਆਲੇ ਦੁਆਲੇ ਲੱਗੇ ਚਾਂਦੀ ਦੇ ਪੱਤਰੇ ਚੋਰੀ ਕਰਨ ਵਾਲੇ ਦੋ ਕਥਿਤ ਦੋਸ਼ੀਆਂ ਨੂੰ ਸਮਰਾਲਾ ਪੁਲਸ ਵੱਲੋਂ ਵਾਰਦਾਤ ਤੋਂ ਮਹਿਜ ਚੌਬੀ ਘੰਟਿਆਂ ਵਿੱਚ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਇਹ ਜਾਣਕਾਰੀ ਪੱਤਰਕਾਰਾਂ ਨਾਲ ਸਾਂਝੀ ਕਰਦਿਆਂ ਤਰਲੋਚਨ ਸਿੰਘ ਡੀ ਐੱਸ ਪੀ ਸਮਰਾਲਾ ਨੇ ਦੱਸਿਆ ਕਿ ਬੀਤੇ ਦਿਨ ਮੰਦਰ 'ਚ ਚੋਰੀ ਦੀ ਵਾਰਦਾਤ ਹੋਣ ਕਾਰਨ ਆਸਥਾਵਾਨ ਲੋਕਾਂ ਵਿੱਚ ਭਾਰੀ ਰੋਸ ਪੈਦਾ ਹੋ ਗਿਆ ਸੀ। ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਪੁਲਸ ਨੇ ਤੁਰੰਤ ਕਰਵਾਈ ਕਰਕੇ ਕਥਿਤ ਦੋਸ਼ੀਆਂ ਨੂੰ ਕਾਬੂ ਕਰ ਲਿਆ।ਡੀ ਐੱਸ ਪੀ ਅਨੁਸਾਰ ਇਸ ਕੇਸ ਵਿੱਚ ਪਿੰਡ ਓਟਾਲਾਂ ਦੇ ਜਗਜੀਤ ਸਿੰਘ ਉਰਫ ਜੱਗੀ ਤੇ ਖੰਨਾ ਦੇ ਗੁਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮਾ ਦਰਜ ਕੀਤਾ ਗਿਆ ਹੈ।ਉਨ੍ਹਾਂ ਕੋਲੋਂ ਚੋਰੀ ਕੀਤਾ ਮਾਲ ਬਰਾਮਦ ਕਰ ਲਿਆ ਹੈ।ਉਨ੍ਹਾਂ ਗੈਰ-ਸਮਾਜੀ ਅਨਸਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੁਰਮ ਕਰਕੇ ਕੋਈ ਵੀ ਵਿਅਕਤੀ ਪੁਲਸ ਹੱਥੋਂ ਬਚ ਨਹੀਂ ਸਕੇਗਾ।

ਨਗਰ ਕੌਂਸਲ ਨੂੰ ਦਿੱਤੀ 65 ਲੱਖ ਰੁਪਏ ਦੀ ਮਸ਼ੀਨਰੀ ਨੂੰ ਓ ਐੱਸ ਡੀ ਵੱਲੋਂ ਹਰੀ ਝੰਡੀ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)

ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐਸ.ਡੀ ਇੰਜ. ਉਂਕਾਰ ਸਿੰਘ ਸਿੱਧੂ ਨੇ ਨਗਰ ਕੌਂਸਲ ਧੂਰੀ ਨੂੰ 65 ਲੱਖ ਰੁਪੈ ਦੀ ਲਾਗਤ ਨਾਲ ਦਿੱਤੀ ਮਸ਼ੀਨਰੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਪੱਤਰਕਾਰਾਂ ਨਾਲ ਗੱਲਬਾਤ ਤਕਰਦਿਆਂ ਓ.ਐੱਸ.ਡੀ. ਇੰਜ. ਉਂਕਾਰ ਸਿੰਘ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੂਰੇ ਪੰਜਾਬ ਦੀ ਕਾਇਆ ਕਲਪ ਲਈ ਕਰੋੜਾਂ ਰੁਪੈ ਖਰਚ ਕੀਤੇ ਜਾ ਰਹੇ ਹਨ, ਉਥੇ ਧੂਰੀ ਸ਼ਹਿਰ ਨੂੰ ਸਮਾਰਟ ਸਿਟੀ ਬਣਾਉਣ ਸਬੰਧੀ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ।ਉਨ੍ਹਾ ਕਿਹਾ ਕਿ ਧੂਰੀ ਦੇ ਲੋਕਾਂ ਕੋਲ ਹੀ ਪੰਜਾਬ ਦੀ ਸਿਆਸਤ ਦਾ ਧੁਰਾ ਹੈ।ਉਨ੍ਹਾ ਦੱਸਿਆ ਕਿ ਜਿੱਥੇ ਕਰੀਬ 32 ਕਰੋੜ ਰੁਪੈ ਦੀ ਲਾਗਤ ਨਾਲ ਰਜਵਾਹੇ ਨੂੰ ਛੱਤਣ ਦਾ ਕੰਮ ਮੁਕੰਮਲ ਕੀਤਾ ਗਿਆ ਹੈ, ਉਥੇ ਕਰੀਬ 30 ਕਰੋੜ ਰੁਪੈ ਦੀ ਲਾਗਤ ਨਾਲ ਸਿਵਲ ਹਸਪਤਾਲ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ ਤੇ ਡਿਜੀਟੀਲ ਲਾਇਬ੍ਰ

10-Aug-PAGE-11-Majha-24.qxd 8/9/2024 9:38 PM Page 1

ਧਾਮੀ ਨੇ ਬੇਅਦਬੀ ਮਾਮਲਿਆਂ 'ਚ ਮੁੱਖ ਮੰਤਰੀ ਨੂੰ ਕੀਤੇ ਤਿੱਖੇ ਸਵਾਲ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਲ 2015 'ਚ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲਿਆਂ ਵਿਚ ਹੁਣ ਤੱਕ ਦੋਸ਼ੀਆਂ ਦੀ ਪੁਸ਼ਤਪਨਾਹੀ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਤਿੱਖੇ ਸਵਾਲ ਕੀਤੇ।ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਧਾਮੀ ਨੇ ਆਖਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਜਿਥੇ ਬੇਅਦਬੀ ਦੇ ਮੁੱਖ ਦੋਸ਼ੀ ਪ੍ਰਦੀਪ ਕਲੇਰ ਨੂੰ ਬਚਾ ਰਹੀ ਹੈ, ਉਥੇ ਹੀ ਗੁਰਮੀਤ ਰਾਮ ਰਹੀਮ ਅਤੇ ਹਨੀਪ੍ਰੀਤ ਦਾ ਨਾਂਅ ਸਾਹਮਣੇ ਆਉਣ ਦੇ ਬਾਵਜੂਦ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਤੋਂ ਭੱਜ ਰਹੀ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਸੰਜੀਦਾ ਮਾਮਲੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਮੁਲਾਕਾਤ ਦਾ ਸਮਾਂ ਮੰਗੇਗੀ ਅਤੇ ਜੇਕਰ ਉਨ੍ਹਾਂ ਵੱਲੋਂ ਹਾਂ ਪੱਖੀ ਹੁੰਗਾਰਾ ਨਾ ਭਰਿਆ ਗਿਆ ਤਾਂ ਪੰਜਾਬ ਦੇ ਰਾਜਪਾਲ ਤੱਕ ਪਹੁੰਚ ਕਰਨ ਤੋਂ ਇਲਾਵਾ ਲੋੜੀਂਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੰਜਾਬ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿਚ ਲੈਂਦਿਆਂ ਕਿਹਾ ਕਿ ਬੇਅਦਬੀ ਮਾਮਲੇ ਦੇ ਮੁੱਖ ਦੋਸ਼ੀ ਪ੍ਰਦੀਪ ਕਲੇਰ ਵੱਲੋਂ ਡੇਰਾ ਸਿਰਸਾ ਮੁੱਖੀ ਗੁਰਮੀਤ ਰਾਮ ਰਹੀਮ ਅਤੇ ਹਨੀਪ੍ਰੀਤ ਦੇ ਦੋਸ਼ੀ ਹੋਣ ਬਾਰੇ ਅਦਾਲਤ ਵਿਚ ਦਿੱਤੇ ਬਿਆਨਾਂ ਦੇ ਬਾਵਜੂਦ ਵੀ ਇਨ੍ਹਾਂ ਦੋਹਾਂ ਨੂੰ ਹੁਣ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ।ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਰਾਮ ਰਹੀਮ ਤੇ ਹੋਰ ਦੋਸ਼ੀਆਂ ਵਿਰੁੱਧ ਮੁਕੱਦਮਾ ਚਲਾਉਣ ਲਈ ਪ੍ਰਵਾਨਗੀ ਵੀ ਨਹੀਂ ਦਿੱਤੀ ਜਾ ਰਹੀ।ਪ੍ਰਦੀਪ ਕਲੇਰ ਦਾ ਨਾਂ ਬੇਅਦਬੀ ਨਾਲ ਸਬੰਧਤ ਤਿੰਨ ਕੇਸਾਂ ਵਿਚ ਸ਼ਾਮਲ ਹੋਣ ਤੋਂ ਬਾਅਦ ਵੀ ਕੇਵਲ ਇਕ ਮਾਮਲੇ ਵਿਚ ਹੀ ਗ੍ਰਿਫ਼ਤਾਰੀ ਕੀਤੀ ਗਈ, ਜਦਕਿ ਦੂਜੇ ਦੋ ਮਾਮਲਿਆਂ ਵਿੱਚ ਅਦਾਲਤ ਵੱਲੋਂ ਭਗੌੜਾ ਕਰਾਰ ਹੋਣ ਦੇ ਬਾਵਜੂਦ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।ਇਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਭਗਵੰਤ ਮਾਨ ਸਰਕਾਰ ਬੇਅਦਬੀ ਮਾਮਲੇ 'ਤੇ ਕੇਵਲ ਰਾਜਨੀਤੀ ਕਰ ਰਹੀ ਹੈ ਅਤੇ ਦੋਸ਼ੀਆਂ ਨੂੰ ਬਚਾਉਣ ਅਤੇ ਟੂਲ ਵਜੋਂ ਵਰਤਣ 'ਤੇ ਲੱਗੀ ਹੋਈ ਹੈ।ਧਾਮੀ ਨੇ ਸਾਬਕਾ ਆਈ. ਜੀ. ਰਣਬੀਰ ਸਿੰਘ ਖੱਟੜਾ ਵੱਲੋਂ ਬੇਅਦਬੀ ਮਾਮਲਿਆਂ ਵਿਚ ਕੀਤੀ ਜਾ ਰਹੀ ਗੈਰ-ਜ਼ਿੰਮੇਵਾਰਾਨਾ ਬਿਆਨਬਾਜ਼ੀ ਦੀ ਵੀ ਕਰੜੀ ਨਿੰਦਾ ਕੀਤੀ।ਉਨ੍ਹਾਂ ਮੁੱਖ ਮੰਤਰੀ ਮਾਨ ਨੂੰ ਕਿਹਾ ਕਿ ਉਹ ਬੇਅਦਬੀ ਮਾਮਲਿਆਂ ਵਿੱਚ ਆਪਣੀ ਬਣਦੀ ਭੂਮਿਕਾ ਨਿਭਾਉਣ ਨਾ ਕਿ ਰਾਜਨੀਤੀ ਕਰਨ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਅਮਰਜੀਤ ਸਿੰਘ ਬੰਡਾਲਾ, ਓਐੱਸਡੀ ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਕੁਲਵਿੰਦਰ ਸਿੰਘ ਰਮਦਾਸ, ਕੁਲਦੀਪ ਸਿੰਘ ਰੋਡੇ, ਜਸਵਿੰਦਰ ਸਿੰਘ ਜੱਸੀ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਸੁਪ੍ਰਡੰਟ ਨਿਸ਼ਾਨ ਸਿੰਘ ਆਦਿ ਹਾਜ਼ਰ ਸਨ।

ਧਾਲੀਵਾਲ ਦੇ ਯਤਨਾਂ ਸਦਕਾ ਅਜਨਾਲਾ ਦੀ ਨੁਹਾਰ ਬਦਲਣੀ ਸ਼ੁਰੂ : ਗਗਨਦੀਪ ਛੀਨਾ

ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਯੂਥ ਵਿੰਗ ਦੇ ਜ਼ਿਲ੍ਹਾ ਜਨਰਲ ਸਕੱਤਰ ਗਗਨਦੀਪ ਸਿੰਘ ਛੀਨਾ ਨੇ ਦੱਸਿਆ ਕਿ ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਯਤਨਾਂ ਸਦਕਾ ਅਜਨਾਲਾ ਸ਼ਹਿਰ ਜੋ ਕਿ ਲੰਮੇ ਸਮੇਂ ਤੋਂ ਮੁਢਲੀਆਂ ਸਹੂਲਤਾਂ ਤੋਂ ਵਾਂਝਾ ਰਹਿ ਰਿਹਾ ਸੀ, ਹੁਣ ਸ਼ਹਿਰ ਦੀ ਨੁਹਾਰ ਬਦਲਣੀ ਸ਼ੁਰੂ ਹੋ ਗਈ ਹੈ। ਅਜਨਾਲਾ ਦੇ ਬਾਜ਼ਾਰਾਂ ਦੀ ਮੁਰੰਮਤ ਤੋਂ ਬਾਅਦ ਅਜਨਾਲਾ ਵਿੱਚ ਲੋਕਾਂ ਦੀ ਸਹੂਲਤ ਲਈ ਜਨਤਕ ਪਖਾਨਿਆਂ ਦੇ ਨਿਰਮਾਣ ਜਾਰੀ ਹੈ ।ਇਸ ਤਰ੍ਹਾਂ ਤਿੰਨ ਜਨਤਕ ਪਖਾਨਿਆਂ ਦਾ ਨਿਰਮਾਣ ਕਰਕੇ ਚਾਲੂ ਕਰ ਦਿੱਤੇ ਗਏ ਹਨ ।ਸ਼ਹਿਰ ਵਿੱਚ 200 ਦੇ ਕਰੀਬ ਸਟਰੀਟ ਲਾਈਟਾਂ ਲਈ ਵਿਭਾਗ ਵੱਲੋਂ 92 ਲੱਖ ਰੁਪਏ ਦੀ ਰਾਸ਼ੀ ਪ੍ਰਾਪਤ ਹੋ ਚੁੱਕੀ ਹੈ, ਇਸ ਦਾ ਕੰਮ ਸ਼ੁਰੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਅਤੀ ਆਧੁਨਿਕ ਲਾਈਟਾਂ ਮੁੱਖ ਚੌਰਾਹਿਆਂ, ਧਾਰਮਿਕ ਸਥਾਨਾਂ ਅਤੇ ਹੋਰ ਜਨਤਕ ਸਥਾਨਾਂ ਉੱਤੇ ਲਗਾਈਆਂ ਜਾਣਗੀਆਂ।ਸ਼ਹਿਰ ਦੀਆਂ ਸੜਕਾਂ ਅਤੇ ਗਲੀਆਂ ਲਈ ਸਰਕਾਰ ਵੱਲੋਂ 9 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਰਹੀ ਹੈ, ਜਿਸ ਨਾਲ ਰਹਿੰਦੀਆਂ ਗਲੀਆਂ ਸੜਕਾਂ ਦਾ ਕੰਮ ਪੂਰਾ ਕਰਵਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਚੁਗਾਵਾਂ ਅਜਨਾਲਾ ਰੋਡ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ। ਛੀਨਾ ਨੇ ਇਹ ਵੀ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਸ਼ਹਿਰ ਦੀ ਸਾਫ ਸਫਾਈ ਲਈ ਦੋ ਮਸ਼ੀਨਾਂ ਆਉਣ ਵਾਲੇ ਦਿਨਾਂ ਵਿੱਚ ਮਿਲਣਗੀਆਂ, ਜਿਸ ਨਾਲ ਗਲੀਆਂ ਤੇ ਸੜਕਾਂ ਨੂੰ ਸਾਫ ਕਰਨਾ ਆਸਾਨ ਹੋ ਜਾਵੇਗਾ। ਇਸ ਤੋਂ ਇਲਾਵਾ ਸ਼ਹਿਰ ਵਾਸੀਆਂ ਦੇ ਘਰਾਂ ਵਿੱਚੋਂ ਕੂੜਾ ਚੁੱਕਣ ਲਈ ਸਬੰਧਤ ਏਜੰਸੀ ਨੂੰ ਕੰਮ ਅਲਾਟ ਕਰ ਦਿੱਤਾ ਗਿਆ ਹੈ ਜੋ ਕਿ ਛੇਤੀ ਹੀ ਸ਼ੁਰੂ ਕਰਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਜਨਾਲੇ ਤੋਂ ਚੁਗਾਵਾਂ ਵਾਇਆ ਸੜਕ ਅਨੇਕਾਂ ਪਿੰਡਾ ਤੱਕ ਜਾਵੇਗੀ ਅਤੇ ਇਸ ਸੜਕ 'ਤੇ 12 ਕਰੋੜ ਰੁਪਏ ਲਾਗਤ ਆਵੇਗੀ ਇਹ ਸੜਕ ਤਿੰਨ ਮਹੀਨਿਆਂ ਦੇ ਵਿੱਚ ਬਣ ਕੇ ਤਿਆਰ ਹੋ ਜਾਏਗੀ ।ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਹ ਥੋਬੇ ਤੋਂ ਮਲਕਪੁਰ ਹੁੰਦੀ ਹੋਈ ਸੜਕ ਰੂੜੇਵਾਲ ਨੰਗਲ ਸੋਹਲ ਹੁੰਦੀ ਪਸੀਏ ਤੱਕ ਜਾਵੇਗੀ, ਜਿਸ ਉੱਤੇ 13.50 ਕਰੋੜ ਰੁਪਏ ਦੀ ਲਾਗਤ ਆਵੇਗੀ। ਦੂਸਰੀ ਸੜਕ ਕਮਾਲਪੁਰੇ ਤੋਂ ਥੋਬਾ, ਬਾਠ, ਦਿਆਲ ਭੜੰਗ ਤੱਕ ਜਾਵੇਗੀ , ਜਿਸ ਉੱਤੇ 16.50 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸੇ ਤਰ੍ਹਾਂ ਤੀਸਰੀ ਸੜਕ ਭੱਲਾ ਪਿੰਡ ਸੁਧਾਰ ਤੋਂ ਨਾਨੂੰ ਕੇ , ਭੂਰੇ ਗਿੱਲ, ਕੋਟਲਾ ਤੱਕ ਜਾਵੇਗੀ ਜਿਸ ਉੱਤੇ 16.77 ਕਰੋੜ ਦੀ ਲਾਗਤ ਆਵੇਗੀ। ਉਨ੍ਹਾਂ ਦੱਸਿਆ ਕਿ ਇਸ ਤਰਾਂ ਲਗਭਗ 43 ਕਰੋੜ ਰੁਪਏ ਦੀ ਲਾਗਤ ਨਾਲ ਇਹ ਸੜਕਾਂ ਪੂਰੀਆਂ ਹੋਣਗੀਆਂ। ਇਸ ਤੋਂ ਇਲਾਵਾ ਰਾਵੀ ਦਰਿਆ ਦੇ ਨਾਲ 78 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਧੁੱਸੀ ਬੰਨ੍ਹ ਵੀ ਆਵਾਜਾਈ ਲਈ ਵਰਤਿਆ ਜਾ ਸਕੇਗਾ। ਅਜਨਾਲਾ ਹਲਕੇ ਦੇ ਕਸਬੇ ਰਮਦਾਸ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਦੀ ਚਰਨ ਛੋਹ ਪ੍ਰਾਪਤ ਇਸ ਧਰਤੀ ਨੂੰ ਆਉਂਦੇ ਚਾਰ ਮੁੱਖ ਰਸਤਿਆਂ ਉੱਤੇ ਧਾਰਮਿਕ ਦਿਖ ਵਾਲੇ ਸੁੰਦਰ ਗੇਟ ਬਣਾਏ ਜਾਣਗੇ। ਸਰਹੱਦੀ ਇਲਾਕਾ ਅਜਨਾਲਾ ਦਾ

ਬਿਜਲੀ ਘਰ ਜੋ ਕਿ 1968 ਵਿਚ ਬਣਿਆ ਸੀ, ਦੀ 55 ਸਾਲ ਬਾਅਦ ਸਰਕਾਰ ਨੇ ਮੁੜ ਸੁਣੀ ਹੈ। ਹੁਣ ਇਹ ਬਿਜਲੀ ਘਰ 66 ਕੇ ਵੀ ਸਮਰੱਥਾ ਤੋਂ ਵੱਧ ਕੇ 220 ਕੇ ਵੀ ਹੋਣ ਜਾ ਰਿਹਾ ਹੈ। ਉਨਾਂ ਕਿਹਾ ਕਿ ਹੁਣ ਲਗਭਗ 35 ਕਰੋੜ ਰੁਪਏ ਦੀ ਲਾਗਤ ਨਾਲ ਇਹ ਬਿਜਲੀ ਘਰ ਅਪਗ੍ਰੇਡ ਹੋਵੇਗਾ, ਜਿਸ ਨਾਲ ਅਜਨਾਲਾ ਤੋਂ ਇਲਾਵਾ ਚੱਕ ਡੋਗਰਾ, ਗੱਗੋਮਾਹਲ, ਡਿਆਲ ਭੜੰਗ ਦੇ ਬਿਜਲੀ ਘਰਾਂ ਤੋਂ ਚੱਲਦੇ 115 ਪਿੰਡਾਂ ਨੂੰ ਵੱਡਾ ਫਾਇਦਾ ਹੋਵੇਗਾ। ਉਨਾਂ ਕਿਹਾ ਕਿ ਇਨ੍ਹਾਂ ਪਿੰਡਾਂ ਨੂੰ ਪਹਿਲਾਂ ਬਿਜਲੀ ਸਪਲਾਈ ਫਤਿਹਗੜ੍ਹ ਚੂੜੀਆਂ ਤੋਂ ਹੁੰਦੀ ਸੀ, ਜੋ ਕਿ ਪਹਿਲਾਂ ਹੀ ਓਵਰਲੋਡ ਚੱਲ ਰਿਹਾ ਹੈ। ਇਸ ਤਰਾਂ ਇਸ ਬਿਜਲੀ ਘਰ ਦੇ ਅਪਗ੍ਰੇਡ ਹੋਣ ਨਾਲ ਦੋਵਾਂ ਕਸਬਿਆਂ ਨੂੰ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਹੁਣ 18 ਕਿਲੋਮੀਟਰ ਲੰਬੀ ਟਰਾਂਸਮਿਸ਼ਨ ਲਾਈਨ ਵੀ ਨਾਲ ਉਸਾਰੀ ਜਾਵੇਗੀ, ਜਿਸ ਨਾਲ ਬਿਜਲੀ ਸਪਲਾਈ ਵਿਚ ਸੁਧਾਰ ਹੋਵੇਗਾ। ਇਸ ਤੋਂ ਇਲਾਵਾ ਮੰਡੀਆਂ ਦੇ ਸ਼ੈਡ ਬਣਾਏ ਗਏ ਤੇ ਮੰਡੀਆਂ ਵੀ ਪੱਕੀਆਂ ਕੀਤੀਆਂ ਗਈਆਂ।

ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸ਼ਹਿਰੀ ਆਮ ਆਦਮੀ ਪਾਰਟੀ ਅਮਿਤ ਅੌਲ, ਇੰਦਰਪਾਲ ਸਿੰਘ ਸ਼ਾਹ, ਗੁਰਿੰਦਰ ਸਿੰਘ ਗੁਜਰਪੁਰਾ, ਸ਼ਿਵਦੀਪ ਸਿੰਘ ਚਾਹਲ, ਅਵਿਨਾਸ਼ ਮਸੀਹ, ਨੰਦ ਲਾਲ ਭਾਓ ਆਦਿ ਹਾਜ਼ਰ ਸਨ

ਭ੍ਰਿਸ਼ਟਾਚਾਰ ਦੇ ਕੇਸ 'ਚ ਭਗੌੜਾ ਅਫ਼ਸਰ ਗ੍ਰਿਫ਼ਤਾਰ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)—ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਅੱਜ ਤਰਨਤਾਰਨ ਵਿਖੇ ਸਹਾਇਕ ਖੁਰਾਕ ਸਪਲਾਈ ਅਫਸਰ (ਏਐੱਫਐੱਸਓ) ਵਜੋਂ ਤਾਇਨਾਤ ਕੰਵਲਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਦੱਸਣਯੋਗ ਹੈ ਕਿ ਕੰਵਲਜੀਤ ਸਿੰਘ ਪੁਲਸ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਦਰਜ ਇੱਕ ਮੁਕੱਦਮੇ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਕੀਤੇ ਜਾਣ ਤੋਂ ਬਾਅਦ ਮਾਰਚ 2024 ਤੋਂ ਫਰਾਰ ਸੀ।ਇਹ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਕਣਕ ਦੇ ਸਟਾਕ ਵਿੱਚ ਹੇਰਾਫੇਰੀ ਦੇ ਇੱਕ ਕੇਸ ਵਿੱਚ ਤਫ਼ਤੀਸ਼ ਦੌਰਾਨ ਜੁਟਾਏ ਗਏ ਸਬੂਤਾਂ ਅਤੇ ਉਸਦੇ ਸਹਿ-ਮੁਲਜ਼ਮ ਦੇ ਬਿਆਨਾਂ ਦੇ ਅਧਾਰ ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਵਿੱਚ ਉਸ ਨੇ ਹੋਰਨਾਂ ਮੁਲਜ਼ਮਾਂ ਨਾਲ ਮਿਲ ਕੇ ਕਣਕ ਦਾ 1 ਕਰੋੜ 25 ਲੱਖ ਰੁਪਏ ਦਾ ਸਰਕਾਰੀ ਸਟਾਕ ਧੋਖੇ ਨਾਲ ਵੇਚ ਦਿੱਤਾ ਸੀ।ਦੱਸਣਯੋਗ ਹੈ ਕਿ ਉਕਤ ਮੁਲਜ਼ਮ ਏ.ਐੱਫ.ਐੱਸ.ਓ. ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਸ ਉਪਰੰਤ ਬਿਊਰੋ ਨੂੰ ਉਸਦਾ ਇੱਕ ਦਿਨ ਦਾ ਪੁਲਿਸ ਰਿਮਾਂਡ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਯੂਨਿਟ ਅੰਮ੍ਰਿਤਸਰ ਵਿਖੇ ਅਗਲੇਰੀ ਜਾਂਚ ਜਾਰੀ ਹੈ।

ਸਮਾਰਟ ਸਕੂਲ ਸੈਦੋਵਾਲ ਕਲਾਂ ਦੀ ਟੁੱਟੀ ਕੰਧ ਦੀ ਨਹੀਂ ਹੋ ਰਹੀ ਮੁਰੰਮਤ

ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ ਦੇ ਬੇਟ ਖੇਤਰ ਦੇ ਸਰਕਾਰੀ ਹਾਈ ਸਮਾਰਟ ਸਕੂਲ ਸੈਦੋਵਾਲ ਕਲਾਂ ਦੀ ਪਿਛਲੇ ਸਾਲ ਆਏ ਹੜ੍ਹਾਂ ਕਾਰਨ ਦੋ ਕਮਰਿਆਂ ਦੀ ਕੰਧ ਡਿਗ ਪਈ ਸੀ ਜੋ ਇਕ ਸਾਲ ਬੀਤ ਜਾਣ ਬਾਅਦ ਵੀ ਉਸ ਦੀ ਮੁਰੰਮਤ ਨਹੀਂ ਹੋ ਸਕੀ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਇਸ ਸਕੂਲ ਨਾਲ ਲਗਭਗ ਇਲਾਕੇ ਦੇ 12 ਪਿੰਡਾਂ ਦੇ ਬੱਚੇ ਸਿੱਖਿਆ ਹਾਸਲ ਕਰਦੇ ਹਨ ਅਤੇ ਸਕੂਲ ਦੇ ਕਮਰਿਆਂ ਦੀ ਕੰਧਾਂ ਟੁੱਟ ਜਾਣ ਕਾਰਨ ਸਕੂਲ ਨੂੰ ਆਉਣ ਜਾਣ ਲਈ ਹਰ ਸਮੇਂ ਰਸਤਾ ਖੁੱਲ੍ਹਾ ਰਹਿੰਦਾ ਹੈ ਜਿਸ ਨਾਲ ਕੋਈ ਸ਼ਰਾਰਤੀ ਅਨਸਰ ਸਕੂਲ ਅੰਦਰ ਵੜ ਕੇ ਨੁਕਸਾਨ ਵੀ ਕਰ ਸਕਦਾ ਹੈ।

ਪਿੰਡ ਦੇ ਲੋਕਾਂ ਨੇ ਦੱਸਿਆ ਕਿ ਹੜ੍ਹਾਂ ਦੇ ਪਾਣੀ ਕਾਰਨ ਕਾਫ਼ੀ ਕੰਪਿਊਟਰ ਅਤੇ ਕੁਝ ਸੀ ਸੀ ਟੀ ਵੀ ਕੈਮਰਿਆਂ ਦਾ ਉਸ ਸਮੇਂ ਨੁਕਸਾਨ ਹੋਇਆ ਸੀ। ਉਨ੍ਹਾਂ ਦੱਸਿਆ ਕਿ ਕੰਧ ਦੀ ਮੁਰੰਮਤ ਨਾ ਹੋਣ ਕਰਕੇ ਸਕੂਲ ਵਿਚ ਕਈ ਤਰ੍ਹਾਂ ਦੇ ਅਵਾਰਾ ਪਸ਼ੂ ਆਦਿ ਦੇਰ ਸਵੇਰ ਦਾਖਲ ਹੋ ਸਕਦੇ ਹਨ ਅਤੇ ਸਕੂਲ ਵਿਚ ਬਣੀ ਫੁਲਵਾੜੀ ਦਾ ਵੀ ਨੁਕਸਾਨ ਵੀ ਕਰ ਸਕਦੇ ਹਨ। ਜਦੋਂ ਇਸ ਸਬੰਧੀ ਸਕੂਲ ਦੇ ਮੁੱਖ ਅਧਿਆਪਕ ਨਰਿੰਦਰ ਮਹਿਤਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਸਕੂਲ ਦੇ ਨੁਕਸਾਨੇ ਕਮਰਿਆਂ ਅਤੇ ਹੋਰ ਸਮਾਨ ਦਾ ਐਸਟੀਮੇਟ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਹੀਂ ਸਬੰਧਤ ਵਿਭਾਗ ਨੂੰ ਭੇਜਿਆ ਹੋਇਆ ਹੈ ਜਿਸ ਦਾ ਫ਼ੰਡ ਆਉਣ 'ਤੇ ਡਿੱਗੀਆਂ ਕੰਧਾਂ ਦੀ ਮੁਰੰਮਤ ਕਰਵਾ ਦਿੱਤੀ ਜਾਵੇਗੀ।

ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਸੈਦੋਵਾਲ ਕਲਾਂ ਦੀਆਂ ਡਿੱਗੀਆਂ ਕੰਧਾਂ ਨੂੰ ਬਣਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ ਗੁਰਦਾਸਪੁਰ ਨੂੰ ਗਰਾਂਟ ਜਾਰੀ ਕੀਤੇ ਜਾਵੇ ਜਿਸ ਨਾਲ ਸਕੂਲ ਦੀ ਡਿੱਗੀ ਕੰਧ ਦੀ ਮੁਰੰਮਤ ਕੀਤੀ ਜਾ ਸਕੇ।

ਚੋਰ ਖਿਲਾਫ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਸਦਰ ਗੁਰਦਾਸਪੁਰ ਪੁਲਸ ਵੱਲੋਂ ਅਣਪਛਾਤੇ ਚੋਰ ਖਿਲਾਫ ਮਾਮਲਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।

ਪੀੜਤ ਕਸ਼ਮੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਭਾਗੋਕਾਵਾਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਪਿੰਡ ਦੇ ਗੁਰਦੁਆਰਾ ਕਮੇਟੀ ਦੇ ਖਜ਼ਾਨਚੀ ਹਨ। 3 ਅਗਸਤ ਨੂੰ ਪਰਵਾਰ ਸਮੇਤ ਰਾਤ ਦਾ ਖਾਣਾ ਖਾ ਕੇ ਸੌਂ ਗਏ ਅਤੇ ਜਦੋਂ ਸਵੇਰੇ ਉੱਠ ਕੇ ਵੇਖਿਆ ਤਾਂ ਜਾਲੀ ਵਾਲੇ ਦਰਵਾਜ਼ੇ ਦੀ ਜਾਲੀ ਟੁੱਟੀ ਪਈ ਸੀ ਅਤੇ ਸਟੋਰ ਵਿੱਚ ਪਈ ਅਲਮਾਰੀ ਤੋੜ ਕੇ ਇੱਕ ਲੱਖ 5 ਹਜ਼ਾਰ ਰੁਪਏ ਅਤੇ ਕਰੀਬ 12 ਤੋਲੇ ਸੋਨੇ ਦੇ ਗਹਿਣੇ ਕੋਈ ਨਾਮ ਨੂੰ ਵਿਅਕਤੀ ਲੈ ਕੇ ਫਰਾਰ ਹੋ ਗਿਆ।

ਏ.ਐਸ.ਆਈ. ਤਿਲਕ ਰਾਜ ਨੇ ਦੱਸਿਆ ਕਿ ਪੀੜਤ ਵਿਅਕਤੀ ਕਸ਼ਮੀਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਚੋਰ ਖਿਲਾਫ ਜੇਰੇ ਧਾਰਾ 305 ਏ, 331 (4)ਬੀ.ਐਨ.ਐਸ. ਤਹਿਤ ਮਾਮਲਾ ਦਰਜ ਕਰਕੇ

10-Aug-PAGE-12.qxd 8/9/2024 9:37 PM Page 1

ਜ਼ੋਨਲ ਸਕੂਲ ਖੇਡਾਂ ਲੁਠੇੜੀ ਸਕੂਲ ਵਿਖੇ ਸੰਪੰਨ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੰਬੀ): ਬਲਾਕ ਮੋਰਿੰਡਾ ਦੀਆਂ ਜ਼ੋਨਲ ਖੇਡਾਂ ਦੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਵਿਖੇ ਜ਼ੋਨ ਪ੍ਰਧਾਨ ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਦੀ ਅਗਵਾਈ ਅਤੇ ਜ਼ੋਨਲ ਸਕੱਤਰ ਸੁਰਮੁੱਖ ਸਿੰਘ ਦੀ ਦੇਖਰੇਖ ਵਿੱਚ ਸਮਾਪਤੀ ਹੋ ਗਈ।ਜਾਣਕਾਰੀ ਦਿੰਦਿਆਂ ਸਕੂਲ ਦੇ ਮੀਡੀਆ ਇੰਚਾਰਜ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਖੇਡਾਂ ਦੀ ਸਮਾਪਤੀ ਮੌਕੇ ਸਾਬਕਾ ਸਰਪੰਚ ਜਸਵਿੰਦਰ ਸਿੰਘ, ਨੰਬਰਦਾਰ ਗੁਰਦੇਵ ਸਿੰਘ ਅਤੇ ਕੈਪਟਨ ਹਰਚੰਦ ਸਿੰਘ ਨੇ ਵੀ ਵਿਸ਼ੇਸ਼ ਤੌਰ 'ਤੇ ਪੁੱਜ ਕੇ ਵਿਦਿਆਰਥੀ ਖਿਡਾਰੀਆਂ ਨੂੰ ਅਸ਼ੀਰਵਾਦ ਦਿੰਦੇ ਹੋਏ ਹੋਰ ਮਿਹਨਤ ਲਈ ਪ੍ਰੇਰਿਆ।ਇਨ੍ਹਾਂ ਜ਼ੋਨਲ ਸਕੂਲ ਖੇਡਾਂ ਵਿੱਚ ਲੜਕੇ ਅਤੇ ਲੜਕੀਆਂ ਦੇ ਸਾਰੇ ਉਮਰ ਗੁੱਟਾਂ ਦੇ ਬੈਡਮਿੰਟਨ, ਵਾਲੀਬਾਲ, ਖੋ-ਖੋ, ਕਬੱਡੀ, ਕ੍ਰਿਕਟ ਅਤੇ ਫੁੱਟਬਾਲ ਦੇ ਮੁਕਾਬਲੇ ਹੋਏ।ਇਹਨਾਂ ਖੇਡਾਂ 'ਚ ਹੋਏ ਵਾਲੀਬਾਲ ਮੁਕਾਬਲਿਆਂ 'ਚ 14 ਸਾਲਾਂ ਉਮਰ ਵਰਗ ਵਿੱਚ ਏਂਜਲ ਵਰਲਡ ਸਕੂਲ ਮੋਰਿੰਡਾ ਨੇ ਪਹਿਲਾ ਸਰਕਾਰੀ ਮਿਡਲ ਸਕੂਲ ਕਕਰਾਲੀ ਨੇ ਦੂਜਾ ਤੇ ਭਾਈ ਨੰਦ ਲਾਲ ਮੋਰਿੰਡਾ ਨੇ ਤੀਜਾ ਸਥਾਨ ਹਾਸਲ ਕੀਤਾ, 17 ਸਾਲਾਂ ਉਮਰ ਵਰਗ 'ਚ ਹੀਰਾ ਪਬਲਿਕ ਸਕੂਲ ਕਾਇਨੌਰ ਨੇ ਪਹਿਲਾ, ਜੀਸਸ ਸੇਵੀਅਰ ਸਕੂਲ ਮੜੌਲੀ ਕਲਾਂ ਦੂਜਾ, ਭਾਈ ਨੰਦ ਲਾਲ ਪਬਲਿਕ ਸਕੂਲ ਨੇ ਤੀਜਾ ਸਥਾਨ ਕੀਤਾ।ਇਸੇ ਤਰ੍ਹਾਂ 19 ਸਾਲਾ ਮੁਕਾਬਲਿਆਂ ਦੇ 'ਚ ਹੀਰਾ ਪਬਲਿਕ ਸਕੂਲ ਕਾਇਨੌਰ ਨੇ ਪਹਿਲਾ, ਗਰੀਨ ਵੇਜ਼ ਸਕੂਲ ਰੁੜਕੀ ਹੀਰਾਂ ਨੇ ਦੂਜਾ ਅਤੇ ਗਾਰਡਨ ਵੈਲੀ ਸਕੂਲ ਚਤਾਮਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਵਾਲੀਬਾਲ ਲੜਕੀਆਂ ਦੇ ਮੁਕਾਬਲਿਆਂ ਦੇ ਵਿੱਚ ਭਾਈ ਨੰਦ ਲਾਲ ਪਬਲਿਕ ਸਕੂਲ ਮੋਰਿੰਡਾ ਨੇ 14 ਸਾਲਾ

ਉਮਰ ਗੁੱਟ ਵਿੱਚ ਪਹਿਲਾ, 17 ਸਾਲਾਂ ਉਮਰ ਗੁੱਟ ਵਿੱਚ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਚਤਾਮਲਾ ਨੇ ਪਹਿਲਾ, ਭਾਈ ਨੰਦ ਲਾਲ ਪਬਲਿਕ ਸਕੂਲ ਮੋਰਿੰਡਾ ਨੇ ਦੂਜਾ ਸਥਾਨ ਹਾਸਿਲ ਕੀਤਾ।ਇਸੇ ਤਰ੍ਹਾਂ 19 ਸਾਲਾ ਵਾਲੀਬਾਲ ਕੁੜੀਆਂ ਦੇ ਮੁਕਾਬਲਿਆਂ ਦੇ 'ਚ ਮਾਤਾ ਪਰਸੀਨੀ ਦੇਵੀ ਸਕੂਲ ਮੜੌਲੀ ਕਲਾਂ ਨੇ ਪਹਿਲਾ, ਗਾਰਡਨ ਵੈਲੀ ਸਕੂਲ ਚਤਾਮਲਾ ਨੇ ਦੂਜਾ ਸਥਾਨ ਹਾਸਲ ਕੀਤਾ।ਖੋ-ਖੋ ਮੁਕਾਬਲਿਆਂ 'ਚ ਲੜਕਿਆਂ ਦੇ ਮੁਕਾਬਲਿਆਂ 'ਚ 14 ਸਾਲ ਦਾ ਉਮਰ ਗੁੱਟ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਤਨਗੜ੍ਹ ਨੇ ਪਹਿਲਾ, ਆਈਪੀਐਸ ਇਰਵਿੰਗ ਸਕੂਲ ਰਤਨਗੜ੍ਹ ਨੇ ਦੂਜਾ ਤੇ ਸਰਕਾਰੀ ਮਿਡਲ ਸਕੂਲ ਦਾਤਾਰਪੁਰ ਨੇ ਤੀਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ 17 ਸਾਲਾਂ ਉਮਰ ਵਰਗ ਵਿੱਚ ਇਰਵਿੰਗ ਸਕੂਲ ਰਤਨਗੜ੍ਹ ਨੇ ਪਹਿਲਾ, ਹੀਰਾ ਪਬਲਿਕ ਸਕੂਲ ਕਾਈਨੌਰ ਨੇ ਦੂਜਾ ਸਥਾਨ ਹਾਸਲ ਕੀਤਾ।ਖੋ- ਖੋ ਲੜਕਿਆਂ ਦੇ 19 ਸਾਲਾ ਵਰਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਤਨਗੜ੍ਹ ਨੇ ਪਹਿਲਾ ਹੀਰਾ ਪਬਲਿਕ ਸਕੂਲ ਕਾਇਨੌਰ ਨੇ ਦੂਜਾ ਸਥਾਨ ਹਾਸਲ ਕੀਤਾ।ਖੋ ਖੋ ਲੜਕੀਆਂ 'ਚ ਇਰਵਿੰਗ ਸਮਾਰਟ ਸਕੂਲ ਰਤਨਗੜ੍ਹ ਨੇ ਪਹਿਲਾ, ਗਾਰਡਨ ਵੈਲੀ ਇੰਟਰ ਸਕੂਲ ਚਤਾਮਲਾ ਨੇ ਦੂਜਾ ਤੇ ਹੀਰਾ ਪਬਲਿਕ ਸਕੂਲ ਨੇ ਤੀਜਾ ਸਥਾਨ ਹਾਸਲ ਕੀਤਾ। ਖੋ ਖੋ ਲੜਕੀਆਂ ਦੇ 17 ਸਾਲ ਉਮਰ ਵਰਗ ਦੇ 'ਚ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਚਤਾਮਲਾ ਨੇ ਪਹਿਲਾ, ਇਰਵਿੰਗ ਸਮਾਰਟ ਸਕੂਲ ਰਤਨਗੜ੍ਹ ਨੇ ਦੂਜਾ, ਹੀਰਾ ਪਬਲਿਕ ਸਕੂਲ ਕਾਇਨੌਰ ਨੇ ਤੀਜਾ ਸਥਾਨ ਕੀਤਾ। ਇਸੇ ਤਰ੍ਹਾਂ 19 ਸਾਲ ਉਮਰ ਵਰਗ ਵਿੱਚ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਚਤਾਮਲਾ ਨੇ ਪਹਿਲਾ, ਹੀਰਾ ਪਬਲਿਕ ਸਕੂਲ ਕਾਇਨੌਰ ਨੇ ਦੂਜਾ ਸਥਾਨ ਹਾਸਲ ਕੀਤਾ।ਕ੍ਰਿਕਟ ਮੁਕਾਬਲਿਆਂ ਵਿੱਚ ਕ੍ਰਿਕਟ ਲੜਕੇ 14 ਸਾਲ ਦਾ ਉਮਰ ਵਰਗ ਵਿੱਚ ਜੀਸਸ ਸੇਵੀਅਰ ਸਕੂਲ ਮੜੌਲੀ ਨੇ ਪਹਿਲਾ, ਏਂਜਲ ਵਰਡ ਪਬਲਿਕ ਸਕੂਲ ਮੋਰਿੰਡਾ ਨੇ ਦੂਜਾ ਤੇ ਸਰਕਾਰੀ ਹਾਈ ਸਕੂਲ ਮੜੌਲੀ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ 17 ਸਾਲ ਉਮਰ ਵਰਗ ਵਿੱਚ ਸ਼ਿਵ ਨੰਦਾ ਸਕੂਲ ਨੇ ਪਹਿਲਾ, ਸਕੂਲ ਆਫ ਐਮੀਨੈਂਸ ਮੋਰਿੰਡਾ ਨੇ ਦੂਜਾ ਅਤੇ ਏਂਜਲ ਵਰਲਡ ਸਕੂਲ ਮੋਰਿੰਡਾ ਤੀਜਾ ਸਥਾਨ ਹਾਸਲ ਕੀਤਾ। ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਚਤਾਮਲਾ ਨੇ 19 ਸਾਲਾਂ ਉਮਰ ਵਰਗ ਦੇ ਵਿੱਚ ਪਹਿਲਾ, ਬੂਰ ਮਾਜਰਾ ਨੇ ਦੂਜਾ ਸਥਾਨ ਹਾਸਲ ਕੀਤਾ। ਕਬੱਡੀ ਨੈਸ਼ਨਲ ਸਟਾਈਲ ਮੁੰਡਿਆਂ ਦੇ 14 ਸਾਲਾਂ ਉਮਰ ਵਰਗ ਵਿੱਚ ਸਰਕਾਰੀ ਮਿਡਲ ਸਕੂਲ ਰੰਗੀਆਂ ਨੇ ਪਹਿਲਾ, ਸਰਕਾਰੀ ਮਿਡਲ ਸਕੂਲ ਦਤਾਰਪੁਰ ਨੇ ਦੂਜਾ ਤੇ ਸਰਕਾਰੀ ਹਾਈ ਸਕੂਲ ਕਲਾਰਾ ਨੇ ਤੀਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ 17 ਸਾਲ ਉਮਰ ਵਰਗ ਦੇ 'ਚ ਸਰਕਾਰੀ ਹਾਈ ਸਕੂਲ ਕਲਾਰਾ ਨੇ ਪਹਿਲਾ, ਸਰਕਾਰੀ ਹਾਈ ਸਕੂਲ ਦੁਮੱਣਾ ਨੇ ਦੂਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ 19 ਸਾਲਾ ਉਮਰ ਵਰਗ 'ਚ ਗਰੀਨਵੇਜ਼ ਸਕੂਲ ਰੁੜਕੀ ਹੀਰਾਂ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਨੇ ਦੂਜਾ ਤੇ ਬੂਰ ਮਾਜਰਾ ਨੇ ਤੀਜਾ ਸਥਾਨ ਹਾਸਲ ਕੀਤਾ।ਫੁੱਟਬਾਲ ਲੜਕਿਆਂ ਦੇ 'ਚ 14 ਸਾਲਾਂ ਉਮਰ ਵਰਗ ਦੇ ਵਿੱਚ ਸਰਕਾਰੀ ਹਾਈ ਸਕੂਲ ਚ ਚਤਾਮਲੀ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਨੇ ਦੂਜਾ ਅਤੇ ਢੰਗਰਾਲੀ ਨੇ ਤੀਜਾ ਸਥਾਨ ਹਾਸਲ ਕੀਤਾ।17 ਸਾਲਾਂ ਉਮਰ ਵਰਗ ਵਿੱਚ ਮੋਰਿੰਡਾ ਨੇ ਪਹਿਲਾ, ਚਤਾਮਲੀ ਨੇ ਦੂਜਾ ਤੇ ਗਾਰਡਨ ਵੈਲੀ ਨੇ ਤੀਜਾ ਸਥਾਨ ਹਾਸਲ ਕੀਤਾ।19 ਸਾਲਾਂ ਉਮਰ ਵਰਗ ਦੇ ਵਿੱਚ ਗਾਰਡਨ ਵੈਲੀ ਨੇ ਪਹਿਲਾ, ਸਕੂਲ ਆਫ ਐਮੀਨੈਂਸ ਮੋਰਿੰਡਾ ਨੇ ਦੂਜਾ ਤੇ ਭਾਈ ਨੰਦ ਲਾਲ ਪਬਲਿਕ ਸਕੂਲ ਨੇ ਤੀਜਾ ਸਥਾਨ ਕੀਤਾ। ਫੁੱਟਬਾਲ ਲੜਕੀਆਂ ਦੇ ਮੁਕਾਬਲਿਆਂ ਦੇ ਵਿੱਚ 14 ਸਾਲਾਂ ਉਮਰ ਵਰਗ ਚਤਾਮਲੀ ਦਾ ਪਹਿਲਾ, ਲੁਠੇੜੀ ਨੇ ਦੂਜਾ ਤੇ ਭਾਈ ਨੰਦਲਾਲ ਪਬਲਿਕ ਸਕੂਲ ਮੋਰਿੰਡਾ ਨੇ ਤੀਜਾ ਸਥਾਨ ਹਾਸਲ ਕੀਤਾ। 17 ਸਾਲਾਂ ਵਿੱਚ ਲੁਠੇੜੀ ਨੇ ਪਹਿਲਾ, ਭਾਈ ਨੰਦ ਲਾਲ ਪਬਲਿਕ ਸਕੂਲ ਨੇ ਦੂਜਾ ਸਥਾਨ ਹਾਸਲ ਕੀਤਾ। 19 ਸਾਲਾਂ ਉਮਰ ਵਰਗ ਦੇ ਵਿੱਚ ਭਾਈ ਨੰਦ ਲਾਲ ਸਕੂਲ ਮੋਰਿੰਡਾ ਨੇ ਪਹਿਲਾ ਤੇ ਲੁਠੇੜੀ ਨੇ ਦੂਜਾ ਸਥਾਨ ਹਾਸਲ ਕੀਤਾ।

ਲਗਨ ਤੇ ਜਨਨੂਨ ਨਾਲ ਮਿਹਨਤ ਕਰਨ ਵਾਲਿਆਂ ਦੀ ਕਾਇਨਾਤ ਵੀ ਕਰਦੀ ਹੈ ਮਦਦ : ਮਨਜੀਤ

ਮੋਹਾਲੀ. (ਗੁਰਜੀਤ ਬਿੱਲਾ)— ਦੁਆਬਾ ਗਰੁੱਪ ਆਫ ਕਾਲਜਿਜ ਵਿਖੇ ਵੱਖ-ਵੱਖ ਕੋਰਸਾਂ ਵਿੱਚ ਦਾਖਲਾ ਲੈਣ ਵਾਲੇ ਨਵੇਂ ਆਏ ਵਿਦਿਆਰਥੀਆਂ ਦੇ ਲਈ ਗਰੁੱਪ ਵੱਲੋਂ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ । ਇਸ ਪ੍ਰੋਗਰਾਮ ਦਾ ਮੁੱਖ ਮਨੋਰਥ ਨਵੇਂ ਆਏ ਵਿਦਿਆਰਥੀਆਂ ਨੂੰ ਦੁਆਬਾ ਗਰੁੱਪ ਦੇ ਨਿਯਮਾਂ ਸਬੰਧੀ ਜਾਣਕਾਰੀ ਦੇਣਾ , ਗਰੁੱਪ ਦੇ ਅੰਦਰੂਨੀ ਢਾਂਚੇ ਤੋਂ ਜਾਣੂ ਕਰਵਾਉਣਾ ਅਤੇ ਉਹਨਾਂ ਨੂੰ ਨਵੇਂ ਮਾਹੌਲ ਦੇ ਵਿੱਚ ਢਾਲਣਾ ਸੀ । ਪ੍ਰੋਗਰਾਮ ਦੀ ਸ਼ੁਰੂਆਤ ਕੈਂਪਸ ਦੇ ਅੰਦਰ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾ ਕੇ ਅਤੇ ਉਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਦੁਆਬਾ ਗਰੁੱਪ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਕੇ ਕੀਤੀ ਗਈ । ਇਸ ਉਪਰੰਤ ਸਾਂਝੇ ਰੂਪ ਵਿੱਚ ਦੁਆਬਾ ਖਾਲਸਾ ਟਰੱਸਟ ਦੇ ਪ੍ਰਧਾਨ ਐੱਚ ਐੱਸ ਬਾਠ , ਮੈਨੇਜਿੰਗ ਵਾਈਸ ਚੇਅਰਮੈਨ ਐੱਸ ਐੱਸ ਸੰਘਾ , ਮੈਂਬਰਸ ਆਫ ਮੈਨੇਜਮੈਂਟ ਵਿਚੋਂ ਕੇ ਐੱਸ ਬਾਠ ,ਮੈਡਮ ਰਮਨਜੀਤ ਕੌਰ ਬਾਠ ਅਤੇ ਗਰੁੱਪ ਦੇ ਐਗਜੀਕਿਊਟਿਵ ਵਾਈਸ ਚੇਅਰਮੈਨ ਮਨਜੀਤ ਸਿੰਘ ਵੱਲੋਂ ਸ਼ਮ੍ਹਾ ਰੌਸ਼ਨ ਕਰਨ ਦੀ ਰਸਮ ਅਦਾ ਕਰਨ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਉਪਰੰਤ ਦੁਆਬਾ ਖਾਲਸਾ ਟਰੱਸਟ ਦੇ ਪ੍ਰਧਾਨ ਡਾ.ਐਚ.ਐਸ.ਬਾਠ ਨੇ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਨਿਯਮਤ ਪੜ੍ਹਾਈ ਦੇ ਨਾਲ-ਨਾਲ ਟੀਚਿਆਂ ਤੱਕ ਪਹੁੰਚਣ ਲਈ ਸਕਾਰਾਤਮਕ ਰਵੱਈਏ ਅਤੇ ਜੋਸ਼ ਦੀ ਲੋੜ 'ਤੇ ਜੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਧਰਤੀ ਮਾਂ ਨੂੰ ਬਚਾਉਣ ਦੀ ਅਪੀਲ ਕੀਤੀ। ਉਪਰੰਤ ਵੱਖ-ਵੱਖ ਕਾਲਜਾਂ ਦੇ ਡਾਇਰੈਕਟਰ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਵੱਖ-ਵੱਖ ਕੋਰਸਾਂ ਤੇ ਪਾਠਕ੍ਰਮ ਬਾਰੇ ਜਾਣੂ ਕਰਵਾਇਆ ਗਿਆ। ਗਰੁੱਪ ਦੇ ਪਿਛਲੇ ਸਮੈਸਟਰਾਂ ਵਿੱਚ ਪਹਿਲੇ ਦੂਜੇ ਤੇ ਤੀਜੇ ਦਰਜੇ ਦੀਆਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

ਇੱਥੇ ਹੀ ਬੱਸ ਨਹੀਂ ਨਾਮਵਰ ਕੰਪਨੀਆਂ ਵਿੱਚ ਕੰਮ ਕਰ ਰਹੇ ਗਰੁੱਪ ਦੇ ਸਾਬਕਾ ਵਿਦਿਆਰਥੀਆਂ ਨੇ ਆਪਣੀ ਜ਼ਿੰਦਗੀ ਦੇ ਕਾਲਜ ਦੇ ਦਿਨਾਂ ਨੂੰ ਯਾਦ ਕਰਦੇ ਹੋਏ ਨਵੇਂ ਆਏ ਵਿਦਿਆਰਥੀਆਂ ਦੇ ਨਾਲ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਕਿਹਾ ਕਿ ਸਖਤ ਮਿਹਨਤ ਬਿਨਾਂ ਕੁਝ ਵੀ ਸੰਭਵ ਨਹੀਂ । ਪ੍ਰੋਗਰਾਮ ਦੇ ਅਖੀਰ ਵਿੱਚ ਹਾਜਰ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਮਨਜੀਤ ਸਿੰਘ ਨੇ ਕਿਹਾ ਕਿ ਦੁਆਬਾ ਗਰੁੱਪ ਦੇ 25 ਸਾਲਾਂ ਦੇ ਸਫਰ ਦੌਰਾਨ ਦੁਆਬਾ ਗਰੁੱਪ ਨੇ ਹਜਾਰਾਂ ਵਿਦਿਆਰਥੀਆਂ ਨੂੰ ਨੌਕਰੀਆਂ ਵਿੱਚ ਪਲੇਸਮੈਂਟ ਦਵਾਈ । ਲਗਭਗ ਪੂਰੇ ਵਰਲਡ ਤੋਂ ਹਰ ਇੱਕ ਕੰਪਨੀ ਦੁਆਬਾ ਗਰੁੱਪ ਆਫ ਕਾਲਜਸ ਦਾ ਦੌਰਾ ਕਰ ਚੁੱਕੀ । ਇਸ ਦੌਰਾਨ ਉਹਨਾਂ ਨੇ ਵੱਖ-ਵੱਖ ਕੰਪਨੀਆਂ ਦੇ ਨਾਂਅ ਦਾ ਜ਼ਿਕਰ ਕਰਦੇ ਹੋਏ ਕ੍ਰਮਵਾਰ ਸਾਰੀ ਗਿਣਤੀ ਵੀ ਅੰਕੜਿਆਂ ਸਮੇਤ ਦੱਸੀ ਕਿ ਕਿਹੜੀ ਕੰਪਨੀ ਵਿੱਚ ਕਿੰਨੇ ਵਿਦਿਆਰਥੀ ਦੁਆਬਾ ਗਰੁੱਪ ਵੱਲੋਂ ਪਲੇਸ ਕਰਵਾਏ ਗਏ ।

ਵਿਦਿਆਰਥੀਆਂ ਨੂੰ ਹੋਰ ਅੱਗੇ ਪ੍ਰੇਰਿਤ ਕਰਦੇ ਹੋਏ ਉਹਨਾਂ ਨੇ ਕਿਹਾ ਕਿ ਜੋ ਇਨਸਾਨ ਕੁਝ ਵੀ ਕਰਨ ਦੀ ਚਾਹਤ ਰੱਖਦਾ ਹੈ ਤਾਂ ਉਸਦੀ ਉਸ ਚਾਹਤ ਨੂੰ ਪੂਰੀ ਕਰਨ ਦੇ ਵਿੱਚ ਪੂਰੀ ਕਾਇਨਾਤ ਉਸਦੀ ਮਦਦ ਕਰਨ ਲੱਗ ਪੈਂਦੀ ਹੈ ਬਸ਼ਰਤੇ ਉਸ ਇਨਸਾਨ ਦੇ ਵਿੱਚ ਉਸ ਚੀਜ ਨੂੰ ਪ੍ਰਾਪਤ ਕਰਨ ਦੀ ਲਗਨ ਮਿਹਨਤ ਅਤੇ ਇਮਾਨਦਾਰੀ ਹੋਣੀ ਬੇਹਦ ਲਾਜਮੀ ਹੈ। ਇਸ ਪ੍ਰਕਾਰ ਵਿਦਿਆਰਥੀਆਂ ਦੇ ਲਈ ਕਰਵਾਇਆ ਗਿਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ ।

ਐਲ ਪੀ ਯੂ ਦੇ ਵਿਦਿਆਰਥੀ ਹਰਮਨਪ੍ਰੀਤ ਨੇ ਦੋ ਪੈਨਲਟੀ ਕਾਰਨਰਾਂ ਨੂੰ ਬਦਲਿਆ ਗੋਲਾਂ 'ਚ

ਜਲੰਧਰ(ਸ਼ੈਲੀ ਐਲਬਰਟ) - ਐਲ ਪੀ ਯੂ ਦੇ ਵਿਦਿਆਰਥੀ ਅਤੇ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਨੇ ਸ਼ਾਨਦਾਰ ਖੇਡ ਹੁਨਰ ਦੇ ਨਾਲ ਸਪੇਨ ਦੇ ਨਾਲ ਰੋਮਾਂਚਕ ਓਲੰਪਿਕ ਮੈਚ 'ਚ ਭਾਰਤ ਨੂੰ ਜਿੱਤ ਵੱਲ ਲੈ ਕੇ ਦੋ ਅਹਿਮ ਗੋਲ ਕੀਤੇ।ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਅੱਠ ਵਿਦਿਆਰਥੀਆਂ ਕੈਪਟਨ ਹਰਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਸ਼ਮਸ਼ੇਰ ਸਿੰਘ, ਮਨਦੀਪ ਸਿੰਘ, ਸੁਖਜੀਤ ਸਿੰਘ, ਮਨਪ੍ਰੀਤ ਸਿੰਘ, ਗੁਰਜੰਟ ਅਤੇ ਜਰਮਨਪ੍ਰੀਤ ਸਿੰਘ ਨੇ ਵਿਸ਼ਵ ਪੱਧਰ 'ਤੇ ਆਪਣੀ ਪ੍ਰਤਿਭਾ ਅਤੇ ਲਗਨ ਦਾ ਪ੍ਰਦਰਸ਼ਨ ਕੀਤਾ। ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਨੇ ਐਲ ਪੀ ਯੂ ਦੇ ਸਾਰੇ ਵਿਦਿਆਰਥੀਆਂ ਅਤੇ ਓਲੰਪਿਕ ਹਾਕੀ ਟੀਮ 'ਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੀ ਭਾਰਤੀ ਹਾਕੀ ਟੀਮ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾ ਸਖ਼ਤ ਮਿਹਨਤ, ਲਗਨ ਅਤੇ ਅਸਾਧਾਰਨ ਪ੍ਰਤਿਭਾ ਨੇ ਯੂਨੀਵਰਸਿਟੀ ਅਤੇ ਦੇਸ਼ ਦਾ ਮਾਣ ਵਧਾਇਆ ਹੈ।ਪੈਰਿਸ ਓਲੰਪਿਕ 2024 ਵਿੱਚ ਪੁਰਸ਼ ਹਾਕੀ ਦੇ ਕਾਂਸੀ ਤਮਗਾ ਮੈਚ ਵਿੱਚ ਹਰਮਨਪ੍ਰੀਤ ਸਿੰਘ ਨੇ ਦੋ ਪੈਨਲਟੀ ਕਾਰਨਰਾਂ ਨੂੰ ਬਦਲ ਕੇ ਭਾਰਤ ਨੇ ਸਪੇਨ ਨੂੰ 2-1 ਨਾਲ ਹਰਾਇਆ।

ਲੋਕ ਸਭਾ ਚੋਣਾਂ-2024 ਦੌਰਾਨ ਵਧੀਆਂ ਕਾਰਜਗੁਜ਼ਾਰੀ ਕਰਨ ਵਾਲੇ ਅਧਿਕਾਰੀਆਂ ਦਾ ਸਨਮਾਨ

ਮੋਹਾਲੀ, (ਗੁਰਜੀਤ ਬਿੱਲਾ) ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਆਸ਼ਿਕਾ ਜੈਨ ਵੱਲੋਂ ਲੋਕ ਸਭਾ ਚੋਣਾਂ-2024 ਦੌਰਾਨ ਵਧੀਆਂ ਕਾਰਜਗੁਜ਼ਾਰ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਬੋਲਦਿਆ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਮੂਹ ਅਫ਼ਸਰਾਂ, ਜ਼ਿਲ੍ਹਾ ਚੋਣ ਦਫ਼ਤਰ ਅਤੇ ਤਿੰਨੋ ਵਿਧਾਨ ਸਭਾ ਚੋਣ ਹਲਕਿਆਂ ਦੇ ਐਸ ਡੀ ਐਮਜ਼-ਕਮ-ਉਪ ਮੰਡਲ ਮੈਜਿਸਟਰੇਟਸ ਦੇ ਕੰਮ ਦੀ ਸ਼ਲਾਘਾ ਕਰਦੇ ਹੋਏ ਲੋਕ ਸਭਾ ਚੋਣਾਂ-2024 ਦੌਰਾਨ ਉਨ੍ਹਾਂ ਵੱਲੋਂ ਨਿਭਾਈ ਗਈ ਭੂਮਿਕਾ ਦੀ ਵਿਸ਼ੇਸ਼ ਸ਼ਲਾਘਾ ਕੀਤੀ ਗਈ।ਉਨ੍ਹਾਂ ਵੱਲੋਂ ਵੱਖ-ਵੱਖ ਟੀਮਾਂ ਐਕਸਪੈਂਡੀਚਰ, ਸੀ.ਵਿਜ਼ਿਲ, ਸ਼ਿਕਾਇਤਾਂ, ਐਮ ਸੀ ਐਮ ਸੀ, ਐਮ ਸੀ ਸੀ, ਡੇਲੀ ਰਿਪੋਰਟ ਅਦਿ ਦੇ ਨੋਡਲ ਅਧਿਕਾਰੀਆਂ/ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਸਵੀਪ ਗਤੀਵਿਧੀਆਂ ਜ਼ਿਨ੍ਹਾਂ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਪੰਜਾਬ ਵਿੱਚੋਂ ਪਹਿਲਾ ਸਥਾਨ